# ਮਹਾਨ ਕੋਸ਼ ਦੀ ਗਾਥਾ

**–ਅਮਰਜੀਤ ਸਿੰਘ ਧਵਨ**
ਮੋਬਾਈਲ: 919814043338.
ਈ-ਮੇਲ: <ajsindh@gmail.com>

'ਗੁਰੁਸ਼ਬਦਰਤਨਾਕਰ ਮਹਾਨ ਕੋਸ਼', ਜਿਸਨੂੰ ਆਮ ਤੌਰ ਤੇ ਸੰਖੇਪ ਵਿੱਚ 'ਮਹਾਨ ਕੋਸ਼' ਕਿਹਾ ਜਾਂਦਾ ਹੈ, ਧਰਮ, ਦਰਸ਼ਨ, ਇਤਿਹਾਸ, ਕਾਵਿ-ਸ਼ਾਸਤਰ, ਮੱਧਕਾਲੀ ਭਾਰਤੀ ਅਤੇ ਸਿੱਖ ਸਾਹਿਤ ਆਦਿ ਬਾਰੇ, ਪੰਜਾਬੀ ਭਾਸ਼ਾ ਵਿੱਚ ਆਪਣੀ ਕਿਸਮ ਦਾ ਅਤਿ ਪ੍ਰਮਾਣਿਕ ਅਤੇ ਅਦੁੱਤੀ ਹਵਾਲ-ਗ੍ਰੰਥ ਹੈ। ਇਸਨੂੰ ਭਾਈ ਕਾਨ੍ਹ ਸਿੰਘ ਨਾਭਾ ਨੇ ਇਨਸਾਇਕਲੋਪੀਡਿਆ ਬ੍ਰਿਟੈਨਿਕਾ ਦੀ ਤਰਜ਼ ਤੇ ਤਿਆਰ ਕੀਤਾ ਸੀ ਅਤੇ 28 ਸਾਲ ਨਿਰੰਤਰ ਮਿਹਨਤ ਕਰਕੇ ਇਸ ਦੇ ਲਈ ਸ਼ਬਦ ਇਕੱਠੇ ਕਰਨ, ਇਸਨੂੰ ਲਿੱਖਣ ਅਤੇ ਇਸ ਦੇ ਪਰੂਫ਼ ਪੜ੍ਹਨ ਆਦਿ ਦੇ ਕੰਮ ਨੂੰ ਪੂਰਾ ਕੀਤਾ ਸੀ। ਪਹਿਲੀ ਵਾਰ ਸੰਨ 1930 ਵਿੱਚ ਪਟਿਆਲਾ ਦਰਬਾਰ ਨੇ ਇਸਨੂੰ ਚਾਰ ਜਿਲਦਾਂ ਵਿੱਚ ਪ੍ਰਕਾਸ਼ਿਤ ਕੀਤਾ ਸੀ। ਫ਼ੋਟੋ-ਉਤਾਰੇ ਦੀ ਤਕਨੀਕ ਰਾਹੀਂ ਇਸ ਦੇ ਪਹਿਲੇ ਸੰਸਕਰਨ ਤੋਂ ਹਰ ਸਫ਼ੇ ਉੱਤੇ ਚਾਰ ਕਾਲਮ ਬਣਾ ਕੇ, ਭਾਸ਼ਾ ਵਿਭਾਗ, ਪੰਜਾਬ, ਨੇ ਸੰਨ 1960 ਵਿੱਚ ਇਸ ਦਾ ਇੱਕ-ਜਿਲਦੀ ਦੂਜਾ ਸੰਸਕਰਨ ਪ੍ਰਕਾਸ਼ਿਤ ਕੀਤਾ। ਭਾਈ ਕਾਨ੍ਹ ਸਿੰਘ ਨੇ ਸੰਨ 1930 ਤੋਂ 1938 ਦੇ ਦੌਰਾਨ ਮਹਾਨ ਕੋਸ਼ ਲਈ ਜੋ ਨਵੇਂ ਵਾਧੇ ਅਤੇ ਸੋਧਾਂ ਆਦਿ ਤਿਆਰ ਕੀਤੀਆਂ ਸਨ, ਭਾਸ਼ਾ ਵਿਭਾਗ ਨੇ ਉਨ੍ਹਾਂਨੂੰ ਇਸ ਦੂਜੇ ਸੰਸਕਰਨ ਦੀ ਅੰਤਕਾ ਵਿੱਚ ਸ਼ਾਮਲ ਕਰ ਦਿੱਤਾ। ਕੁੱਝ ਸਾਲ ਬਾਅਦ, ਭਾਸ਼ਾ ਵਿਭਾਗ ਨੇ ਹੀ ਇਸ ਦਾ, ਹਰ ਸਫ਼ੇ ਉੱਤੇ ਤਿੰਨ ਕਾਲਮਾਂ ਵਾਲਾ, ਤੀਜਾ ਸੰਸਕਰਨ ਪ੍ਰਕਾਸ਼ਿਤ ਕੀਤਾ ਅਤੇ ਇਸਨੂੰ ਕਈ ਵਾਰ ਛਾਪਿਆ। ਮਹਾਨ ਕੋਸ਼ ਦੇ ਇਸ ਦੂਜੇ ਅਤੇ ਤੀਜੇ ਸੰਸਕਰਨ ਨੂੰ ਹੁਣ ਕੁਝ ਹੋਰ ਪ੍ਰਕਾਸ਼ਕਾਂ ਨੇ ਵੀ ਛਾਪਿਆ ਹੈ। ਇਸ ਤਰ੍ਹਾਂ ਭਾਸ਼ਾ ਵਿਭਾਗ ਦੁਆਰਾ ਪ੍ਰਕਾਸ਼ਿਤ ਮਹਾਨ ਕੋਸ਼ ਅੱਧੀ ਸਦੀ ਤੋਂ ਵੱਧ ਸਮੇਂ ਤੋਂ ਲੋਕਾਂ ਦੇ ਹੱਥਾਂ ਵਿੱਚ ਹੈ ਅਤੇ ਵਿਦਿਆਰਥੀਆਂ, ਖੋਜਾਰਥੀਆਂ, ਵਿਦਵਾਨਾਂ ਆਦਿ ਦੁਆਰਾ ਨਿਰੰਤਰ ਵਰਤਿਆ ਜਾ ਰਿਹਾ ਹੈ।

ਕੁੱਝ ਸਾਲ ਪਹਿਲੇ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਨੇ ਚਾਰ-ਚਾਰ ਜਿਲਦਾਂ ਵਿੱਚ ਮਹਾਨ ਕੋਸ਼ ਦੇ ਪੰਜਾਬੀ ਅਤੇ ਅੰਗਰੇਜ਼ੀ ਸੰਸਕਰਨ ਅਤੇ ਇਸ ਦੇ ਹਿੰਦੀ ਅਨੁਵਾਦ ਦੀ ਇੱਕ ਜਿਲਦ ਵੀ ਪ੍ਰਕਾਸ਼ਿਤ ਕੀਤੀ ਹੈ। ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦਾ ਵਿਕਾਸ ਕਰਨਾ ਇਸ ਯੂਨੀਵਰਸਿਟੀ ਨੂੰ ਕਾਇਮ ਕਰਨ ਦਾ ਮੂਲ ਉਦੇਸ਼ ਸੀ। ਇਸ ਲਈ ਇਹ ਆਸ ਕਰਨਾ ਸੁਭਾਵਿਕ ਹੈ ਕਿ ਪੰਜਾਬੀ ਯੂਨੀਵਰਸਿਟੀ ਆਪਣੀ ਸਥਾਪਨਾ ਦੇ ਇਸ ਮੂਲ ਉਦੇਸ਼ ਦੇ ਵਿਰੁੱਧ ਕੋਈ ਕੰਮ ਨਹੀਂ ਕਰੇਗੀ। ਪਰੰਤੂ, ਕੁਝ ਸਫ਼ੇ ਪੜ੍ਹਦਿਆਂ ਹੀ ਇਸ ਕੌੜੀ ਸੱਚਾਈ ਦਾ ਸਾਮ੍ਹਣਾ ਕਰਨਾ ਪੈਂਦਾ ਹੈ ਕਿ ਪੰਜਾਬੀ ਯੂਨੀਵਰਸਿਟੀ ਦੁਆਰਾ ਪ੍ਰਕਾਸ਼ਿਤ ਮਹਾਨ ਕੋਸ਼ ਦੇ ਤਿੰਨੇ ਸੰਸਕਰਨ ਮੂਲ ਪੰਜਾਬੀ ਸੰਸਕਰਨ ਦੇ ਵਿਗਾੜੇ ਹੋਏ ਰੂਪ ਹਨ। ਇਹ ਸੰਸਕਰਨ ਨਾ ਕੇਵਲ ਕਈ ਤਰ੍ਹਾਂ ਦੀਆਂ ਬੇਹਿਸਾਬ ਗਲਤੀਆਂ ਨਾਲ ਭਰਪੂਰ ਹਨ ਬਲਕਿ ਇਨ੍ਹਾਂ ਵਿੱਚ ਕਈ ਤਥਾਂ ਨੂੰ ਵੀ ਮਰੋੜ-ਤਰੋੜ ਦਿੱਤਾ ਗਿਆ ਹੈ।

ਮਹਾਨ ਕੋਸ਼ ਦਾ ਅੰਗ੍ਰੇਜ਼ੀ ਵਿੱਚ ਅਨੁਵਾਦ ਅਰੰਭ ਕਰਨ ਤੋਂ ਪਹਿਲਾਂ ਅਨੁਵਾਦਕਾਂ ਦੀ ਇੱਕ ਮੀਟਿੰਗ ਪੰਜਾਬੀ ਯੂਨੀਵਰਸਿਟੀ ਵਿੱਚ ਕੀਤੀ ਗਈ ਸੀ ਜਿਸ ਵਿੱਚ ਯੂਨੀਵਰਸਿਟੀ ਦੇ ਤੱਤਕਾਲੀ ਵਾਇਸ-ਚਾਂਸਲਰ, ਸ੍ਰੀ ਸਵਰਨ ਸਿੰਘ ਬੋਪਾਰਾਇ, ਹਾਜ਼ਰ ਸਨ। ਉਸ ਮੀਟਿੰਗ ਵਿੱਚ ਸੁਝਾਉ ਦਿੱਤਾ ਗਿਆ ਸੀ ਕਿ ਭਾਸ਼ਾ ਵਿਭਾਗ ਦੁਆਰਾ ਪ੍ਰਕਾਸ਼ਿਤ ਤੀਜੇ ਸੰਸਕਰਨ ਦੇ ਅੰਤ ਵਿੱਚ 132 ਸਫ਼ਿਆਂ ਦੀ ਅੰਤਕਾ ਵਿੱਚ ਛਪੇ ਇੰਦਰਾਜਾਂ ਨੂੰ ਅੰਗ੍ਰੇਜ਼ੀ ਸੰਸਕਰਨ ਵਿੱਚ ਆਪਣੀ-ਆਪਣੀ ਥਾਂ ਤੇ ਦਰਜ ਕਰ ਦਿੱਤਾ ਜਾਏ। ਪਰੰਤੂ ਸੰਪਾਦਕ ਮੰਡਲ ਨੇ ਉਹ ਸੁਝਾਉ ਸਵੀਕਾਰ ਨਹੀਂ ਸੀ ਕੀਤਾ। ਹੁਣ ਉਸ 132 ਸਫ਼ਿਆਂ ਦੀ ਅੰਤਕਾ ਵਿੱਚ ਛਪੇ ਇੰਦਰਾਜ ਪੰਜਾਬੀ ਯੂਨੀਵਰਸਿਟੀ ਦੁਆਰਾ ਪ੍ਰਕਾਸ਼ਿਤ ਮਹਾਨ ਕੋਸ਼ ਦੇ ਅੰਗਰੇਜ਼ੀ ਸੰਸਕਰਨ ਵਿੱਚੋਂ ਗ਼ਾਇਬ ਹਨ ਜਦ ਕਿ ਪੰਜਾਬੀ ਸੰਸਕਰਨ ਵਿੱਚ ਇਹ ਇੰਦਰਾਜ ਆਪੋ-ਆਪਣੀ ਬਣਦੀ ਥਾਂ ਤੇ ਸ਼ਾਮਲ ਕਰ ਦਿੱਤੇ ਗਏ ਹਨ। ਪਰੰਤੂ ਪੰਜਾਬੀ ਸੰਸਕਰਨ ਵਿੱਚ ਇਨ੍ਹਾਂ ਇੰਦਰਾਜਾਂ ਨੂੰ ਦਰਜ ਕਰਨ ਵੇਲੇ ਲੋੜੀਂਦੀ ਸਾਵਧਾਨੀ ਨਹੀਂ ਵਰਤੀ ਗਈ। ਮਿਸਾਲ ਵਜੋਂ, ਇਸ ਸੰਸਕਰਨ ਦੇ ਸਫ਼ਾ 16 ਉੱਤੇ 'ਉੱਤਰਾਰਣੀ' ਦੇ ਸੁਤੰਤਰ ਇੰਦਰਾਜ ਨੂੰ ਇਸ ਤੋਂ ਪਹਿਲੇ ਆਉਣ ਵਾਲੇ ਇੰਦਰਾਜ 'ਉੱਤਰਾਯਣ' ਦਾ ਅਰਥ ਨੰਬਰ 2 ਬਣਾ ਦਿੱਤਾ ਗਿਆ ਹੈ ਜਦ ਕਿ 'ਉੱਤਰਾਯਣ' ਅਤੇ 'ਉੱਤਰਾਰਣੀ' ਦਾ ਆਪਸ ਵਿੱਚ ਦੂਰ ਦਾ ਵੀ ਕੋਈ ਸੰਬੰਧ ਨਹੀਂ ਹੈ। ਨਾਉਂ (noun) ਦੇ ਰੂਪ ਵਿੱਚ 'ਉੱਤਰ' ਸ਼ਬਦ ਦਾ ਅਰਥ ਹੈ 'ਉੱਤਰ ਦਿਸ਼ਾ' ਅਤੇ 'ਅਯਨ' ਦਾ ਅਰਥ ਹੈ, 'ਗਮਨ', 'ਗਤੀ' ਜਾਂ 'ਚਾਲ'। ਇਸ ਸੰਦਰਭ ਵਿੱਚ 'ਅਯਨ' ਦਾ ਖ਼ਾਸ ਅਤੇ ਢੁੱਕਵਾਂ ਅਰਥ ਹੈ, 'ਸੂਰਜ ਦੀ ਆਭਾਸੀ (ਅਰਥਾਤ, ਪਰਤੀਤ ਹੋਣ ਵਾਲੀ) ਗਤੀ ਜੋ ਉੱਤਰ ਅਤੇ ਦੱਖਣ ਵੱਲ ਹੁੰਦੀ ਹੈ'। ਇਸ ਤਰ੍ਹਾਂ 'ਉੱਤਰਾਯਣ' ਦਾ ਅਰਥ ਹੈ 'ਮੱਕਰ ਰੇਖਾ (tropic of Capricorn) ਤੋਂ ਸ਼ੁਰੂ ਹੋ ਕੇ ਉੱਤਰ ਵੱਲ, ਕਰਕ ਰੇਖਾ (tropic of Cancer) ਤਕ, ਸੂਰਜ ਦੀ ਗਤੀ ਜੋ ਛੇ ਮਹੀਨਿਆਂ ਵਿੱਚ ਪੂਰੀ ਹੁੰਦੀ ਹੈ'। ਵਿਸ਼ੇਸ਼ਣ (adjective) ਰੂਪ ਵਿੱਚ 'ਉੱਤਰ' ਦਾ ਇੱਕ ਅਰਥ ਹੈ 'ਉੱਪਰ ਵਾਲਾ, ਉੱਪਰਲਾ, ਜਾਂ ਉਤਲਾ (upper)'। ਇਹ 'ਅਧਰ' ਸ਼ਬਦ ਦਾ ਵਿਪਰਿਆਏ (antonym) ਹੈ। 'ਅਰਣੀ', ਅਗਨਿਮੰਥ ਜਾਂ ਅਰਣੀ (Premna Spinosa) ਨਾਮੀ ਦਰਖ਼ਤ ਦੀ ਲੱਕੜ ਦੇ ਦੋ ਟੁੱਕੜਿਆਂ ਨਾਲ ਬਣੇ ਇੱਕ ਯੰਤਰ ਦਾ ਨਾਉਂ ਹੈ, ਜਿਸਨੂੰ ਪੁਰਾਤਨ ਸਮੇਂ ਵਿੱਚ ਯੱਗ ਲਈ ਅਗਨੀ ਪੈਦਾ ਕਰਨ ਲਈ ਵਰਤਿਆ ਜਾਂਦਾ ਸੀ।

'ਉੱਤਰਾਰਣੀ' ਉਕਤ 'ਅਰਣੀ' ਨਾਮੀ ਯੰਤਰ ਦੇ ਉਪਰਲੇ ਟੁਕੜੇ ਦਾ ਨਾਉਂ ਹੈ, ਜਿਸ ਦੇ ਨੁਕੀਲੇ ਸਿਰੇ ਨੂੰ ਹੇਠਲੇ ਟੁੱਕੜੇ (ਜਿਸਨੂੰ 'ਅਧਰਾਰਣੀ', ਭਾਵ, 'ਹੇਠਲੀ ਅਰਣੀ', ਕਿਹਾ ਜਾਂਦਾ ਸੀ) ਦੇ ਛੇਕ ਵਿੱਚ ਫਸਾ ਕੇ, ਮਧਾਣੀ ਦੀ ਤਰ੍ਹਾਂ, ਤੇਜ਼ ਘੁਮਾਉਣ ਨਾਲ ਦੋਨਾਂ ਟੁਕੜਿਆਂ ਦੀ ਰਗੜ ਤੋਂ ਉਪਜਣ ਵਾਲੇ ਸੇਕ ਨਾਲ ਅਗਨੀ ਪੈਦਾ ਹੋ ਜਾਂਦੀ ਸੀ। ਸਪਸ਼ਟ ਹੈ ਕਿ ਇਸ ਇੰਦਰਾਜ ਵਿੱਚ ਦੋ ਭਿੰਨ-ਅਰਥਕ ਸ਼ਬਦਾਂ ਨੂੰ ਰਲਗੱਡ ਕਰਕੇ ਅਰਥ ਦਾ ਅਨਰਥ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ, ਸਫ਼ਾ 129 ਉੱਤੇ ਮੁੱਖ ਸ਼ਬਦ (headword) 'ਅਨਹਤ' ਦੀ ਥਾਂ ਇਸ ਤੋਂ ਪਹਿਲਾਂ ਆਉਣ ਵਾਲੇ ਮੁੱਖ ਸ਼ਬਦ 'ਅਨਸ਼੍ਵਰ' ਨੂੰ ਦਰਜ ਕਰ ਦਿੱਤਾ ਗਿਆ ਹੈ। ਪਰੰਤੂ, ਇਸ ਇੰਦਰਾਜ ਵਿੱਚ ਵਿਆਖਿਆ 'ਅਨਹਤ' ਦੀ ਹੀ ਦਿੱਤੀ ਗਈ ਹੈ, ਅਨਸ਼੍ਵਰ' ਦੀ ਨਹੀਂ। ਸੰਸਕ੍ਰਿਤ ਦੇ ਸ਼ਬਦ 'ਅਨਾਹਤ (=ਅਨ+ਆਹਤ) ਦਾ ਅਰਥ ਹੈ 'ਬਿਨਾ ਆਘਾਤ', 'ਆਘਾਤ-ਰਹਿਤ' ਜਾਂ 'ਅਘਾਤ (ਚੋਟ ਲਗਾਏ) ਬਿਨਾ (ਪੈਦਾ ਹੋਣ ਵਾਲਾ)' ਜਦ ਕਿ 'ਅਨਸ਼੍ਵਰ (=ਅ+ਨਸ਼੍ਵਰ)' ਦਾ ਅਰਥ ਹੈ 'ਜੋ ਨਸ਼੍ਵਰ (ਨਸ਼ਟ ਹੋਣ ਵਾਲਾ) ਨਹੀਂ' –ਅਰਥਾਤ 'ਅਵਿਨਾਸ਼ੀ, indestructible, imperishable, ਆਦਿ। ਇੱਥੇ ਵੀ ਦੋ ਭਿੰਨ ਅਰਥਾਂ ਵਾਲੇ ਸ਼ਬਦਾਂ ਨੂੰ ਇੱਕ ਦੂਜੇ ਦਾ ਬਦਲ ਬਣਾ ਕੇ ਬੜੀ ਗੜਬੜ ਕਰ ਦਿੱਤੀ ਗਈ ਹੈ।

ਮਹਾਨ ਕੋਸ਼ ਦਾ ਇਹ ਪੰਜਾਬੀ ਸੰਸਕਰਨ ਵਿਸ਼ਰਾਮ ਚਿਨ੍ਹਾਂ, ਕ੍ਰਮ ਸੰਖਿਆਵਾਂ ਅਤੇ ਪੰਜਾਬੀ, ਅੰਗਰੇਜ਼ੀ, ਸੰਸਕ੍ਰਿਤ, ਉਰਦੂ ਆਦਿਕ ਭਾਸ਼ਾਵਾਂ ਦੇ ਸ਼ਬਦਾਂ ਦੇ ਹਿੱਜਿਆਂ ਵਗੈਰਾ ਦੀਆਂ ਬੇਸ਼ੁਮਾਰ ਗ਼ਲਤੀਆਂ ਨਾਲ ਭਰਿਆ ਪਿਆ ਹੈ। ਕੁਝ ਇੰਦਰਾਜਾਂ ਦੇ ਤਾਂ ਮੁੱਖ ਸ਼ਬਦਾਂ (headwords) ਦੇ ਹਿੱਜੇ ਵੀ ਗ਼ਲਤ ਹਨ। ਮਿਸਾਲ ਵਜੋਂ, ਸਫ਼ਾ 7 ਉੱਤੇ ਮੁੱਖ ਸ਼ਬਦ 'ਉਚਰਣਾ' ਨੂੰ 'ੳਚਰਣਾ' ਲਿਖਿਆ ਹੋਇਆ ਹੈ ਜਦ ਕਿ ਗੁਰਮੁਖੀ ਵਿੱਚ 'ੳ' ਸੁਤੰਤਰ ਸ੍ਵਰ ਨਹੀਂ ਬਲਕਿ ਸ੍ਵਰ-ਵਾਹਕ ਹੈ ਅਤੇ ਔਂਕੜ, ਦੁਲੈਂਕੜ ਤੋਂ ਬਿਨਾ ਨਹੀਂ ਵਰਤਿਆ ਜਾਂਦਾ। ਸਫ਼ਾ 48 ਉੱਤੇ 'ਓਦੂੰ' ਮੁੱਖ ਸ਼ਬਦ ਨੂੰ 'ਓਦੂੰ' ਬਣਾ ਦਿੱਤਾ ਗਿਆ ਹੈ। ਇਸੇ ਤਰ੍ਹਾਂ ਸਫ਼ਾ 239 ਉੱਤੇ 'ਆਮੁਈਸਰਾਸਤ੍ਰ' ਦੇ ਮੁੱਖ ਸ਼ਬਦ ਨੂੰ ਬਦਲ ਕੇ 'ਆਮੁਈਸਰਾਸੁ' ਅਤੇ ਸਫ਼ਾ 661 ਉੱਤੇ 'ਕਉਲਾਸਣਿ' ਨੂੰ 'ਕਉਲਾਸਿਣ' ਕਰ ਦਿੱਤਾ ਗਿਆ ਹੈ। ਸੰਨ 1930 ਵਿੱਚ ਲੈਟਰ ਪ੍ਰੈਸ ਦੁਆਰਾ ਇੱਕ-ਇੱਕ ਅੱਖਰ ਜੋੜ ਕੇ ਪੰਜਾਬੀ ਭਾਸ਼ਾ ਵਿੱਚ ਛਾਪੇ ਗਏ ਮਹਾਨ ਕੋਸ਼ ਨੂੰ ਸੰਨ 2009-2015 ਦੌਰਾਨ ਕਈ ਵਿਦਵਾਨਾਂ ਅਤੇ ਕੰਪਿਊਟਰ ਦੀ ਮਦਦ ਨਾਲ, ਪੰਜਾਬੀ ਭਾਸ਼ਾ ਦੇ ਵਿਕਾਸ ਲਈ ਬਣੀ ਯੂਨੀਵਰਸਿਟੀ ਦੁਆਰਾ, ਮਾਂ-ਬੋਲੀ ਪੰਜਾਬੀ ਵਿੱਚ ਹੀ ਛਾਪਣ ਲਗਿਆਂ ਅਨੇਕ ਤਰ੍ਹਾਂ ਦੀਆਂ ਬੇਸ਼ੁਮਾਰ ਗ਼ਲਤੀਆਂ ਕਰਨਾ ਬੇਹੱਦ ਅਣਗਹਿਲੀ ਅਤੇ ਗ਼ੈਰਜ਼ਿੰਮੇਵਾਰੀ ਦਾ ਪਰਤੱਖ ਪ੍ਰਮਾਣ ਹੈ।

ਸੰਨ 2012 ਵਿੱਚ, ਜਦੋਂ ਪੰਜਾਬੀ ਯੂਨੀਵਰਸਿਟੀ ਦੁਆਰਾ ਮਹਾਨ ਕੋਸ਼ ਦਾ ਹਿੰਦੀ ਵਿੱਚ ਅਨੁਵਾਦ ਕੀਤਾ ਜਾ ਰਿਹਾ ਸੀ ਤਾਂ ਇਨ੍ਹਾਂ ਪੰਕਤੀਆਂ ਦੇ ਲਿਖਾਰੀ ਨੇ ਸੰਬੰਧਿਤ ਅਧਿਕਾਰੀਆਂ ਦਾ ਧਿਆਨ ਅਨੁਵਾਦ ਵਿੱਚ ਕੀਤੀਆਂ ਜਾ ਰਹੀਆਂ ਗ਼ਲਤੀਆਂ ਵੱਲ ਕਈ ਵਾਰ ਦਿਵਾਇਆ। 4 ਅਪ੍ਰੈਲ 2012 ਨੂੰ, ਪੰਜਾਬੀ ਵਿਕਾਸ ਵਿਭਾਗ ਵਿੱਚ, ਹਿੰਦੀ ਸੰਸਕਰਨ ਦੇ ਸੰਪਾਦਕਾਂ ਨਾਲ ਇਸ ਬਾਰੇ ਸਾਢੇ ਤਿੰਨ ਘੰਟੇ ਤੋਂ ਵੱਧ ਸਮਾ ਗਲਬਾਤ ਵੀ ਕੀਤੀ। ਪਰੰਤੂ ਕਿਸੇ ਨੇ ਇਸ ਵੱਲ ਲੋੜੀਂਦਾ ਧਿਆਨ ਨਾ ਦਿੱਤਾ। 16 ਅਪ੍ਰੈਲ 2012 ਨੂੰ ਚੰਡੀਗੜ੍ਹ ਤੋਂ ਪੰਜ ਸੱਜਣਾਂ —ਸਰਦਾਰ ਗੁਰਤੇਜ ਸਿੰਘ (ਸਾਬਕਾ ਆਈ. ਏ. ਐਸ.), ਭਾਈ ਅਸ਼ੋਕ ਸਿੰਘ ਬਾਗੜੀਆਂ, ਸਰਦਾਰ ਕਰਮਜੀਤ ਸਿੰਘ (ਵੈਟਰਨ ਪੱਤਰਕਾਰ), ਸਰਦਾਰ ਮਨਜੀਤ ਸਿੰਘ ਖ਼ਾਲਸਾ ਅਤੇ ਅਮਰਜੀਤ ਸਿੰਘ ਧਵਨ— ਦੇ ਇੱਕ ਵਫ਼ਦ ਨੇ ਪੰਜਾਬੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ, ਸਰਦਾਰ ਜਸਪਾਲ ਸਿੰਘ ਨੂੰ ਉਨ੍ਹਾਂ ਦੇ ਦਫ਼ਤਰ ਵਿੱਚ ਮਿਲ ਕੇ ਗੱਲਬਾਤ ਕੀਤੀ ਅਤੇ ਇੱਕ ਸਾਂਝੀ ਅਰਜ਼ੀ ਵੀ ਦਿੱਤੀ, ਜਿਸ ਨਾਲ ਸਬੂਤਾਂ ਵਜੋਂ 32 ਵਰਕੇ ਨੱਥੀ ਕੀਤੇ ਗਏ ਸਨ। ਉਨ੍ਹਾਂ 32 ਵਰਕਿਆਂ ਵਿੱਚ ਅਮਰਜੀਤ ਸਿੰਘ ਧਵਨ ਦੁਆਰਾ ਲਿਖਿਆ 20 ਸਫ਼ਿਆਂ ਦਾ ਲੇਖ ਵੀ ਸੀ ਜਿਸ ਵਿੱਚ ਉਸ ਸਮੇਂ ਹਿੰਦੀ ਅਨੁਵਾਦ ਵਿੱਚ ਕੀਤੀਆਂ ਜਾ ਰਹੀਆਂ ਕੁੱਝ ਗ਼ਲਤੀਆਂ ਦਾ ਵਿਸ਼ਲੇਸ਼ਣ ਕੀਤਾ ਗਿਆ ਸੀ। ਵਫ਼ਦ ਵੱਲੋਂ ਦਿੱਤੀ ਅਰਜ਼ੀ ਵਿੱਚ ਹੋਰ ਗੱਲਾਂ ਦੇ ਨਾਲ-ਨਾਲ ਗ਼ਲਤੀਆਂ ਦੀ ਸੁਧਾਈ ਲਈ ਮਾਹਰਾਂ ਦੀ ਇੱਕ ਸੁਤੰਤਰ ਕਮੇਟੀ ਬਣਾਉਣ ਦਾ ਸੁਝਾਉ ਵੀ ਦਿੱਤਾ ਗਿਆ ਸੀ ਅਤੇ ਅਜੇਹੀ ਕਮੇਟੀ ਨੂੰ ਵਫ਼ਦ ਵੱਲੋਂ ਪੂਰਾ ਸਹਿਯੋਗ ਦੇਣ ਦੀ ਪੇਸ਼ਕਸ਼ ਵੀ ਕੀਤੀ ਗਈ ਸੀ। ਪੰਜਾਬੀ ਯੂਨੀਵਰਸਿਟੀ ਦੁਆਰਾ ਪ੍ਰਕਾਸ਼ਿਤ ਮਹਾਨ ਕੋਸ਼ ਦੇ ਪੰਜਾਬੀ ਸੰਸਕਰਨ ਵਿੱਚ ਮੌਜੂਦ ਬੇਸ਼ੁਮਾਰ ਗ਼ਲਤੀਆਂ ਬਾਰੇ ਠੋਸ ਸਬੂਤ ਵੀ ਮੀਟਿੰਗ ਵਿੱਚ ਪੇਸ਼ ਕੀਤੇ ਗਏ ਸਨ। ਵਿਚਾਰ-ਵਟਾਂਦਰੇ ਦੌਰਾਨ ਵਾਈਸ-ਚਾਂਸਲਰ ਸਾਹਿਬ ਨੇ ਮਹਾਨ ਕੋਸ਼ ਦੇ ਪੰਜਾਬੀ ਸੰਸਕਰਨ ਅਤੇ ਉਸਦੇ ਹਿੰਦੀ ਅਨੁਵਾਦ ਦੀ ਸੁਧਾਈ ਕਰਨ ਲਈ ਅਮਰਜੀਤ ਸਿੰਘ ਧਵਨ ਨੂੰ ਅਨੁਰੋਧ ਕੀਤਾ ਜੋ ਉਸ ਨੇ ਪਰਵਾਨ ਕਰ ਲਿਆ ਅਤੇ ਯੂਨੀਵਰਸਿਟੀ ਦੁਆਰਾ ਭੇਜੀ ਪੰਜਾਬੀ ਅਤੇ ਹਿੰਦੀ ਅਨੁਵਾਦ ਦੇ 'ੳ' ਅੱਖਰ ਵਾਲੇ ਇੰਦਰਾਜਾਂ ਦੀ (50+56=106 ਸਫ਼ਿਆਂ ਦੀ) ਸਮਗ੍ਰੀ ਸੋਧ ਕੇ 8 ਜੂਨ 2012 ਨੂੰ ਯੂਨੀਵਰਸਿਟੀ ਦੇ ਪੰਜਾਬੀ ਵਿਕਾਸ ਵਿਭਾਗ ਨੂੰ ਪਹੁੰਚਾ ਦਿੱਤੀ। ਪਰੰਤੂ ਇਸ ਤੋਂ ਬਾਅਦ ਸੁਧਾਈ ਕਰਨ ਲਈ ਉਸਨੂੰ ਹੋਰ ਸਮਗ੍ਰੀ ਨਹੀਂ ਭੇਜੀ ਗਈ ਜਦ ਕਿ ਮਹਾਨ ਕੋਸ਼ ਦੇ ਪੰਜਾਬੀ ਸੰਸਕਰਨ ਅਤੇ ਉਸਦੇ ਹਿੰਦੀ ਅਨੁਵਾਦ ਦੀ ਸੁਧਾਈ ਦਾ ਇਹ ਸਾਰਾ ਕੰਮ ਉਸ ਨੇ ਬਿਨਾ ਕੋਈ ਉਜਰਤ ਲਿਆਂ ਮਾਂ-ਬੋਲੀ ਪੰਜਾਬੀ ਦੀ ਸੇਵਾ ਵਜੋਂ ਕਰਨਾ ਸੀ।

ਕੁਝ ਦਿਨਾਂ ਬਾਅਦ ਪਤਾ ਲਗਾ ਕਿ ਪੰਜਾਬੀ ਯੂਨਵਿਰਸਿਟੀ ਨੇ ਮਹਾਨ ਕੋਸ਼ ਦੇ ਹਿੰਦੀ ਅਨੁਵਾਦ ਦੀ ਸੁਧਾਈ ਦਾ ਕੰਮ ਕਿਸੇ ਅਜਿਹੇ ਵਿਦਵਾਨ ਨੂੰ ਸੌਂਪ ਦਿੱਤਾ ਹੈ ਜਿਸਦੀ ਪੰਜਾਬੀ ਅਤੇ ਹਿੰਦੀ ਭਾਸ਼ਾਵਾਂ ਉੱਤੇ ਬਰਾਬਰ ਦੀ ਪਕੜ ਹੈ। ਕੋਸ਼ਿਸ਼ ਕਰਨ ਤੇ ਵੀ ਜਦੋਂ ਉਸ ਵਿਦਵਾਨ ਦੇ ਨਾਉਂ ਦਾ ਪਤਾ ਨਾ ਲਗ ਸਕਿਆ ਤਾਂ ਚੰਡੀਗੜ੍ਹ ਤੋਂ ਸਰਦਾਰ ਰਵਿੰਦਰ ਸਿੰਘ ਅਤੇ ਅਮਰਜੀਤ ਸਿੰਘ ਧਵਨ, ਡਾ. ਰਾਨ ਸਿੰਘ ਜੱਗੀ ਹੁਰਾਂ ਨੂੰ ਉਨ੍ਹਾਂ ਦੇ ਘਰ ਮਿਲੇ। ਗੱਲ-ਬਾਤ ਦੇ ਦੌਰਾਨ ਪਤਾ ਲਗਾ ਕਿ ਮਹਾਨ ਕੋਸ਼ ਦੇ ਹਿੰਦੀ ਅਨੁਵਾਦ ਦੀ ਸੁਧਾਈ ਦੇ ਕੰਮ ਵਿੱਚ ਉਹ ਸ਼ਾਮਲ ਨਹੀਂ ਸਨ। ਵਿਦਾ ਹੁੰਦਿਆਂ ਉਨ੍ਹਾਂ ਦੋਨਾਂ ਨੇ ਡਾ. ਜੱਗੀ ਹੁਰਾਂ ਨੂੰ ਬੇਨਤੀ ਕੀਤੀ ਕਿ ਉਹ ਵਾਈਸ ਚਾਂਸਲਰ ਸਾਹਿਬ ਨੂੰ ਇਹ ਸਲਾਹ ਦੇਣ ਕਿ ਜੇਕਰ ਪੰਜਾਬੀ ਯੂਨੀਵਰਸਿਟੀ ਪਾਸ ਮਹਾਨ ਕੋਸ਼ ਦਾ ਹਿੰਦੀ ਵਿੱਚ ਅਨੁਵਾਦ ਕਰਨ ਲਈ ਕੋਈ ਯੋਗ ਵਿਦਵਾਨ ਨਹੀਂ ਹੈ ਤਾਂ ਇਸ ਵਿਰਾਸਤੀ ਹਵਾਲਾ ਗ੍ਰੰਥ ਨੂੰ ਖ਼ਰਾਬ ਕਰਨ ਦੀ ਬਜਾਇ ਇਸ ਪ੍ਰਾਜੈਕਟ ਦਾ ਤਿਆਗ ਕਰ ਦੇਣਾ ਹੀ ਬੇਹਤਰ ਹੋਵੇਗਾ।

ਬੜੀ ਹੀ ਮੰਦਭਾਗੀ ਅਤੇ ਹੌਂਸਲਾ-ਢਾਹੂ ਗੱਲ ਹੈ ਕਿ ਵੇਲੇ ਸਿਰ ਆਗਾਹ ਕਰਨ ਦੇ ਬਾਵਜੂਦ ਮਹਾਨ ਕੋਸ਼ ਦੇ ਹਿੰਦੀ ਸੰਸਕਰਨ ਦੀ ਪਹਿਲੀ ਜਿਲਦ ਨੂੰ ਗ਼ਲਤੀਆਂ ਤੋਂ ਆਜ਼ਾਦ ਰੱਖਣ ਲਈ ਲੋੜੀਂਦੇ ਸੰਜੀਦਾ ਅਤੇ ਅਸਰਦਾਰ ਕਦਮ ਨਹੀਂ ਚੁਕੇ ਗਏ। ਪੰਜਾਬੀ ਯੂਨੀਵਰਸਿਟੀ ਦੇ ਇਸ ਗ਼ੈਰ-ਜ਼ਿੰਮੇਵਾਰਾਨਾ ਵਤੀਰੇ ਦਾ ਹੀ ਨਤੀਜਾ ਹੈ ਕਿ ਮਹਾਨ ਕੋਸ਼ ਦੇ ਹਿੰਦੀ ਸੰਸਕਰਨ ਦੀ ਇਹ ਪਹਿਲੀ ਜਿਲਦ ਭਾਂਤ-ਭਾਂਤ ਦੀਆਂ ਗ਼ਲਤੀਆਂ ਨਾਲ ਨੱਕੋ-ਨੱਕ ਭਰੀ ਪਈ ਹੈ। ਇਸ ਦੇ ਪਹਿਲੇ ਪੰਜ ਸਫ਼ਿਆਂ (VII ਤੋਂ XI) ਵਿੱਚ 48, ਅਤੇ ਅਚਾਨਕ ਖੁੱਲੇ ਦੋ ਹੋਰ ਸਫ਼ਿਆਂ (308-309) ਉੱਤੇ 3, ਗ਼ਲਤੀਆਂ ਹਨ। ਇਸ ਬਾਰੇ 28 ਅਗਸਤ 2014 ਨੂੰ ਇੱਕ ਚਿੱਠੀ ਪੰਜਾਬੀ ਯੂਨਵਿਰਸਿਟੀ ਦੇ ਵਾਈਸ-ਚਾਂਸਲਰ ਅਤੇ ਪੰਜਾਬੀ ਵਿਕਾਸ ਵਿਭਾਗ ਦੇ ਮੁੱਖੀ ਨੂੰ ਭੇਜੀ ਗਈ, ਜੋ ਉਨ੍ਹਾਂ ਨੂੰ ਕ੍ਰਮਵਾਰ 1 ਅਤੇ 2 ਸਿਤੰਬਰ 2014 ਨੂੰ ਪਰਾਪਤ ਹੋ ਗਈ ਸੀ। ਉਕਤ 51 ਗ਼ਲਤੀਆਂ ਦੇ ਵਿਸ਼ਲੇਸ਼ਣ ਵਜੋਂ ਲਿਖੇ ਚਾਰ ਸਫ਼ਿਆਂ ਦੇ ਲੇਖ —"ਗੁਰੁਸ਼ਬਦਰਤਨਾਕਰ ਮਹਾਨ ਕੋਸ਼, ਹਿੰਦੀ ਅਨੁਵਾਦ (ਪ੍ਰਥਮ ਖੰਡ) 'ਤੇ ਇੱਕ ਝਾਤ"— ਦੀ ਇੱਕ ਕਾਪੀ ਅਤੇ 51 ਗ਼ਲਤੀਆਂ ਨੂੰ ਲਕੀਰਕੇ ਅਤੇ ਨੰਬਰ ਲਗਾਕੇ ਉਕਤ 7 ਸਫ਼ਿਆਂ ਦੀ ਇੱਕ-ਇੱਕ ਫ਼ੋਟੋਕਾਪੀ ਵੀ ਉਸ ਚਿੱਠੀ ਦੇ ਨਾਲ ਨੱਥੀ ਕੀਤੀ ਗਈ ਸੀ। ਪਰੰਤੂ ਯੂਨੀਵਰਸਿਟੀ ਤੋਂ ਅੱਜ ਤਕ ਉਸ ਚਿੱਠੀ ਦਾ ਕੋਈ ਜਵਾਬ ਨਹੀਂ ਮਿਲਿਆ।

ਇੰਸਟੀਚਿਊਟ ਆਫ਼ ਸਿੱਖ ਸਟਡੀਜ਼, ਚੰਡੀਗੜ੍ਹ, ਨੇ ਪੰਜਾਬੀ ਅਤੇ ਹਿੰਦੀ ਭਾਸ਼ਾਵਾਂ ਉੱਤੇ ਬਰਾਬਰ ਪਕੜ ਰੱਖਣ ਵਾਲੇ ਇਕ ਮਾਹਿਰ ਕੋਲੋਂ ਉਪ੍ਰੋਕਤ 51 ਗ਼ਲਤੀਆਂ ਦੀ ਪੜਤਾਲ ਕਰਵਾਈ। ਉਸ ਮਾਹਿਰ ਨੇ ਉਨ੍ਹਾਂ ਸਾਰੀਆਂ ਗ਼ਲਤੀਆਂ ਦੀ ਪੁਸ਼ਟੀ ਕਰਦਿਆਂ ਆਪਣੀ ਰਿਪੋਟ ਵਿੱਚ ਲਿਖਿਆ ਕਿ 'ਅਜਿਹੀਆਂ ਤਰੁਟੀਆਂ ਹਿੰਦੀ ਦੇ ਵਿਦਵਾਨਾਂ ਨੂੰ ਇਹ ਸੋਚਣ ਲਈ ਮਜਬੂਰ ਕਰ ਦੇਣਗੀਆਂ ਕਿ ਇਸ ਪੁਸਤਕ ਦੇ ਸੰਪਾਦਕਾਂ ਨੂੰ ਹਿੰਦੀ ਦਾ ਕੰਮ-ਚਲਾਊ ਗਿਆਨ ਵੀ ਹੈ ਜਾਂ ਨਹੀਂ। ... ਮਹਾਨ ਕੋਸ਼ ਦਾ ਇਹ ਤਰੁਟੀਪੂਰਨ ਸੰਸਕਰਨ ਹਿੰਦੀ ਦੇ ਵਿਦਵਾਨਾਂ ਨੂੰ ਭਰਮ ਵਿੱਚ ਪਾ ਸਕਦਾ ਹੈ ਅਤੇ ਇਹ ਮੂਲ ਲੇਖਕ, ਮਹਾਨ ਸਿੱਖ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ, ਦੇ ਅਪਮਾਨ ਦਾ ਕਾਰਨ ਬਣੇਗਾ।' ਇੰਸਟੀਚਿਊਟ ਦੀ ਤਤਕਾਲੀ ਪ੍ਰਧਾਨ, ਡਾ. ਬਿਰੇਂਦਰਾ ਕੌਰ ਨੇ ਆਪਣੀ ਤਰਫ਼ੋਂ ਇਸ ਵਿਸ਼ੇ ਤੇ ਲਿੱਖੀ ਇੱਕ ਚਿੱਠੀ ਨਾਲ ਨੱਥੀ ਕਰਕੇ ਉਹ ਰਿਪੋਟ 15 ਅਕਤੂਬਰ 2014 ਨੂੰ ਪੰਜਾਬੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਨੂੰ ਭੇਜ ਦਿੱਤੀ। ਕੁੱਝ ਦਿਨਾਂ ਬਾਅਦ ਇਸ ਬਾਰੇ ਉਨ੍ਹਾਂ ਨੇ ਇੱਕ ਯਾਦ-ਪੱਤਰ ਵੀ ਭੇਜਿਆ ਪਰੰਤੂ ਪੰਜਾਬੀ ਯੂਨੀਵਰਸਿਟੀ ਤੋਂ ਉਨ੍ਹਾਂਨੂੰ ਕੋਈ ਜਵਾਬ ਪ੍ਰਾਪਤ ਨਹੀਂ ਹੋਇਆ।

ਮਹਾਨ ਕੋਸ਼ ਦੇ ਹਿੰਦੀ ਅਨੁਵਾਦ ਵਿੱਚਲੀਆਂ ਗ਼ਲਤੀਆਂ ਬਾਰੇ ਇੱਕ ਖ਼ਬਰ 24 ਅਪ੍ਰੈਲ 2015 ਦੇ ਪੰਜਾਬੀ ਟ੍ਰਿਬਿਊਨ ਦੇ ਪਹਿਲੇ ਸਫ਼ੇ ਉੱਤੇ ਛਪੀ ਸੀ। ਉਸ ਖ਼ਬਰ ਵਿੱਚ ਪੰਜਾਬੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਦੇ ਹਵਾਲੇ ਨਾਲ ਦਸਿਆ ਗਿਆ ਸੀ, "ਯੂਨੀਵਰਸਿਟੀ ਨੇ ਪਹਿਲਾਂ ਛਪੇ ਸੰਸਕਰਨ ਉੱਤੇ ਰੋਕ ਲਾ ਦਿੱਤੀ ਹੈ। ਅੱਗੇ ਅਨੁਵਾਦਤ ਕੋਈ ਹੋਰ ਸੰਸਕਰਨ ਵੀ ਨਾ ਛਾਪਣ ਦਾ ਫ਼ੈਸਲਾ ਕੀਤਾ ਹੈ। ਕਈ ਮਹੀਨੇ ਪਹਿਲਾਂ ਹੀ ਯੂਨੀਵਰਸਿਟੀ ਇਹ ਫ਼ੈਸਲਾ ਲੈ ਚੁਕੀ ਹੈ।" ਉਸ ਖ਼ਬਰ ਦੇ ਆਖ਼ਰੀ ਪਹਿਰੇ ਵਿੱਚ ਲਿਖਿਆ ਸੀ, "ਇਸ ਪ੍ਰਾਜੈਕਟ ਦੀ ਮੁੱਖੀ ਡਾ. ਧੰਨਵੰਤ ਕੌਰ ਅਨੁਸਾਰ ਯੂਨੀਵਰਸਿਟੀ ਨੇ ਡਾ.ਰਤਨ ਸਿੰਘ ਜੱਗੀ, ਡਾ.ਜਗਬੀਰ ਸਿੰਘ, ਦਿੱਲੀ, ਅਤੇ ਸੰਸਕ੍ਰਿਤ ਦੇ ਵਿਦਵਾਨ ਡਾ. ਮਹੇਸ਼ ਗੌਤਮ ਉੱਤੇ ਆਧਾਰਤ ਤਿੰਨ ਮੈਂਬਰੀ ਕਮੇਟੀ ਦਾ ਗਠਨ ਕਰ ਦਿੱਤਾ ਹੈ। ਕਮੇਟੀ ਸਾਰੇ ਮਾਮਲੇ ਦੀ ਖੋਜਬੀਨ ਕਰ ਕੇ ਦਰੁਸਤੀ ਦੀ ਸਿਫ਼ਾਰਸ਼ ਕਰੇਗੀ। ਡਾ. ਜੱਗੀ ਨੇ ਕਿਹਾ ਕਿ ਉਨ੍ਹਾਂ ਨੂੰ ਅਜਿਹੀ ਕਿਸੇ ਕਮੇਟੀ ਬਾਰੇ ਕੋਈ ਸੂਚਨਾ ਨਹੀਂ ਹੈ। ਉਪ ਕੁਲਪਤੀ ਨੇ ਬੇਸ਼ਕ ਹਿੰਦੀ ਅਨੁਵਾਦ ਵਾਲਾ ਸੰਸਕਰਨ ਵਾਪਸ ਮੰਗਵਾ ਲੈਣ ਦੀ ਗੱਲ ਕੀਤੀ ਹੈ ਪਰ ਚੰਡੀਗੜ੍ਹ ਦੀ ਇੱਕ ਲਾਇਬ੍ਰੇਰੀ ਵਿੱਚ ਮਹਾਨ ਕੋਸ਼ ਦੇ ਹਿੰਦੀ ਅਨੁਵਾਦ ਵਾਲੀ ਕਾਪੀ ਪਈ ਹੈ। ਇਹ ਸੁਆਲ ਵੀ ਪੁੱਛਿਆ ਜਾਣਾ ਸੁਭਾਵਕ ਹੈ ਕਿ ਲੱਖਾਂ ਰੁਪਏ ਖਰਚ ਕੇ ਛਾਪੇ ਸੰਸਕਰਨ ਦੇ ਮਾਮਲੇ ਵਿੱਚ ਕੀ ਕਿਸੇ ਦੀ ਜ਼ਿੰਮੇਵਾਰੀ ਤੈਅ ਕੀਤੀ ਗਈ ਹੈ? ਯੂਨੀਵਰਸਿਟੀ ਇਸ ਘਾਟੇ ਦਾ ਕੀ ਕਰ ਰਹੀ ਹੈ?" ਇੱਥੇ ਇਹ ਜ਼ਿਕਰ ਕਰਨਾ ਬਣਦਾ ਹੈ ਕਿ ਉਸ ਖ਼ਬਰ ਵਿੱਚ ਉਠਾਏ ਗਏ ਸਵਾਲ ਅੱਜ ਵੀ ਜਿਉਂ ਦੇ ਤਿਉਂ ਖੜ੍ਹੇ ਹਨ ।

ਪੰਜਾਬੀ ਯੂਨੀਵਰਸਿਟੀ ਤੋਂ ਕੋਈ ਜਵਾਬ ਪ੍ਰਾਪਤ ਕਰਨ ਵਿੱਚ ਅਸਫ਼ਲ ਰਹਿਣ ਤੇ ਸਰਦਾਰ ਮਨਜੀਤ ਸਿੰਘ ਖ਼ਾਲਸਾ ਅਤੇ ਅਮਰਜੀਤ ਸਿੰਘ ਧਵਨ ਨੇ ਦਿਸੰਬਰ 2014 ਵਿੱਚ ਪੰਜਾਬ ਦੇ ਮਾਨਯੋਗ ਰਾਜਪਾਲ ਨੂੰ ਮਿਲ ਕੇ ਮਹਾਨ ਕੋਸ਼ ਦੇ ਹਿੰਦੀ ਸੰਸਕਰਨ ਦੀ ਪਹਿਲੀ ਜਿਲਦ ਵਿੱਚ ਭਾਂਤ-ਭਾਂਤ ਦੀਆਂ ਗ਼ਲਤੀਆਂ ਬਾਰੇ ਇੱਕ ਅਰਜ਼ੀ ਦਿੱਤੀ। ਮਿਤੀ 22.12.2014 ਨੂੰ ਮੁੱਖ ਸਕੱਤਰ, ਪੰਜਾਬ

ਰਾਜਭਵਨ ਦੇ ਦਫ਼ਤਰ ਨੇ ਸਹਿ-ਪੱਤਰਾਂ ਸਮੇਤ ਉਹ ਅਰਜ਼ੀ ਯੋਗ ਕਾਰਵਾਈ ਕਰਨ ਹਿੱਤ ਪੰਜਾਬੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਨੂੰ ਭੇਜਦਿਆਂ ਲਿਖਿਆ ਸੀ ਕਿ ਇਸ ਸੰਬੰਧੀ ਕੀਤੀ ਗਈ ਕਾਰਵਾਈ ਬਾਰੇ ਬਿਨੈਕਾਰ ਅਤੇ ਉਨ੍ਹਾਂ ਦੇ ਦਫ਼ਤਰ ਨੂੰ ਵੀ ਸੂਚਿਤ ਕੀਤਾ ਜਾਵੇ। ਪਰੰਤੂ ਯੂਨੀਵਰਸਿਟੀ ਨੇ ਇਸ ਸੰਬੰਧੀ ਕੀਤੀ ਕਾਰਵਾਈ ਬਾਰੇ ਬਿਨੈਕਾਰ ਨੂੰ ਅੱਜ ਤਕ ਸੂਚਿਤ ਨਹੀਂ ਕੀਤਾ।

ਪੰਜਾਬੀ ਯੂਨੀਵਰਸਿਟੀ ਦੇ ਲਾਪਰਵਾਹ, ਨਾਂਹ-ਪੱਖੀ ਅਤੇ ਅੜੀਅਲ ਵਤੀਰੇ ਤੋਂ ਤੰਗ ਆ ਕੇ, ਦਿਸੰਬਰ 2016 ਵਿੱਚ, ਚੰਡੀਗੜ੍ਹ ਤੋਂ ਚਾਰ ਸੱਜਣਾਂ (ਸਰਦਾਰ ਰਾਜਿੰਦਰ ਸਿੰਘ ਖ਼ਾਲਸਾ, ਸਰਦਾਰ ਰਵਿੰਦਰ ਸਿੰਘ, ਸਰਦਾਰ ਮਨਜੀਤ ਸਿੰਘ ਖ਼ਾਲਸਾ ਅਤੇ ਸਰਦਾਰ ਅਮਰਜੀਤ ਸਿੰਘ ਧਵਨ) ਨੇ ਪੰਜਾਬੀ ਯੂਨੀਵਰਸਿਟੀ ਦੁਆਰਾ ਪ੍ਰਕਾਸ਼ਿਤ ਮਹਾਨ ਕੋਸ਼ ਦੇ ਤਿੰਨੋਂ ਸੰਸਕਰਨਾਂ ਵਿਚਲੀਆਂ ਬੇਸ਼ੁਮਾਰ ਗ਼ਲਤੀਆਂ ਬਾਰੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਟ ਵਿੱਚ ਜਨ-ਹਿਤ ਪਟੀਸ਼ਨ ਦਾਇਰ ਕਰ ਦਿੱਤੀ। ਇਸ ਪਟੀਸ਼ਨ ਬਾਰੇ ਅਖ਼ਬਾਰਾਂ ਵਿੱਚ ਖ਼ਬਰਾਂ ਛਪਣ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਤਕਾਲੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਮਾਹਰਾਂ ਦੀ ਇੱਕ ਕਮੇਟੀ ਪਾਸੋਂ ਪੰਜਾਬੀ ਯੂਨੀਵਰਸਿਟੀ ਦੁਆਰਾ ਪ੍ਰਕਾਸ਼ਿਤ ਮਹਾਨ ਕੋਸ਼ ਦੇ ਪੰਜਾਬੀ ਸੰਸਕਰਨ ਦੀ ਜਾਂਚ ਕਰਵਾਈ। ਉਸ ਕਮੇਟੀ ਨੇ ਆਪਣੀ ਰਿਪੋਟ ਵਿੱਚ ਲਿਖਿਆ, "...ਪੰਜਾਬੀ ਯੂਨੀਵਰਸਿਟੀ, ਪਟਿਆਲਾ, ਵੱਲੋਂ 'ਮਹਾਨ ਕੋਸ਼' ਦੀ ਪੁਨਰ-ਪ੍ਰਕਾਸ਼ਨਾ ਦੀ ਪ੍ਰਕਿਰਿਆ ਦੌਰਾਨ ਗੈਰ-ਅਕਾਦਮਿਕ ਤੇ ਗੈਰ-ਜ਼ਿੰਮੇਵਾਰਾਨਾ ਪਹੁੰਚ ਰੱਖਣ ਅਤੇ ਅਲਪੱਗਤਾ ਕਾਰਨ ਬਹੁਤ ਜ਼ਿਆਦਾ ਗੰਭੀਰ ਕਿਸਮ ਦੀ ਛੇੜਛਾੜ ਕਰਨ ਕਰਕੇ ਅਨੇਕ-ਪ੍ਰਕਾਰੀ ਗਲਤੀਆਂ ਹੋਈਆਂ ਹਨ। ਇਸ ਕਰਕੇ ਪੁਨਰ-ਪ੍ਰਕਾਸ਼ਿਤ 'ਮਹਾਨ ਕੋਸ਼' ਦਾ ਇਹ ਵਿਕ੍ਰਿਤ ਰੂਪ, ਸਕਾਲਰਾਂ ਅਤੇ ਵਿਦਿਆਰਥੀਆਂ ਤਕ ਪਹੁੰਚਣ ਤੋਂ ਰੋਕਣ ਦੀ ਫ਼ੌਰੀ ਜ਼ਰੂਰਤ ਹੈ।" ਪ੍ਰੋ. ਬਡੂੰਗਰ ਨੇ ਕੈਪਟਨ ਅਮਰਿੰਦਰ ਸਿੰਘ, ਚੀਫ਼ ਮਿਨਿਸਟਰ ਪੰਜਾਬ, ਨੂੰ ਚਿੱਠੀ ਲਿਖ ਕੇ ਇਹ ਪੂਰੀ ਰਿਪੋਟ ਭੇਜ ਦਿੱਤੀ ਅਤੇ ਹਾਈ ਕੋਟ ਵਿੱਚ ਚਲ ਰਹੀ ਜਨ-ਹਿਤ ਪਟੀਸ਼ਨ ਵਿੱਚ ਪ੍ਰਾਰਥੀ ਬਣ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਕੀਲ ਖੜ੍ਹਾ ਕਰਨ ਦਾ ਫ਼ੈਸਲਾ ਕਰ ਲਿਆ।

ਪੰਜਾਬੀ ਟ੍ਰਿਬਿਊਨ ਵਿੱਚ ਛਪੀਆਂ ਖ਼ਬਰਾਂ ਅਨੁਸਾਰ, ਪੰਜਾਬੀ ਯੂਨਵਿਰਸਿਟੀ ਦੁਆਰਾ ਪ੍ਰਕਾਸ਼ਿਤ ਮਹਾਨ ਕੋਸ਼ ਦੇ ਤਿੰਨਾਂ ਸੰਸਕਰਨਾਂ ਵਿੱਚ ਮੌਜੂਦ ਬੇਸ਼ੁਮਾਰ ਗ਼ਲਤੀਆਂ ਦੇ ਮੱਦੇਨਜ਼ਰ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਦੀ ਮੁੱਖੀ ਡਾ. ਬਲਜੀਤ ਕੌਰ ਸੇਖੋਂ ਵੱਲੋਂ ਕੀਤੀ ਸਿਫ਼ਾਰਸ਼ ਤੇ ਪੰਜਾਬੀ ਯੂਨੀਵਰਸਿਟੀ ਨੇ 11 ਮਈ 2017 ਨੂੰ ਮਹਾਨ ਕੋਸ਼ ਦੇ ਤਿੰਨੋਂ ਸੰਸਕਰਨਾਂ ਦੀ ਵਿਕਰੀ ਤੇ ਰੋਕ ਲਗਾ ਦਿੱਤੀ। ਪਰੰਤੂ ਉਕਤ ਵਿਭਾਗ-ਮੁਖੀ ਦੁਆਰਾ ਵਿਰੋਧ ਕੀਤੇ ਜਾਣ ਦੇ ਬਾਵਜੂਦ 15 ਮਈ 2017 ਨੂੰ ਯੂਨੀਵਰਸਿਟੀ ਨੇ ਮਹਾਨ ਕੋਸ਼ ਦੀ ਵਿਕਰੀ ਤੋਂ ਇਹ ਕਹਿ ਕੇ ਰੋਕ ਹਟਾ ਦਿੱਤੀ ਕਿ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਟ ਨੇ ਮਹਾਨ ਕੋਸ਼ ਦੀ ਵਿਕਰੀ ਰੋਕਣ ਬਾਰੇ ਕੋਈ ਹੁਕਮ ਜਾਰੀ ਨਹੀਂ ਕੀਤਾ। ਮਿਤੀ 17 ਜੁਲਾਈ 2017 ਨੂੰ ਯੂਨੀਵਰਸਿਟੀ ਨੇ ਮਹਾਨ ਕੋਸ਼ ਦੇ ਤਿੰਨੋਂ ਸੰਸਕਰਨਾਂ ਦੀ ਵਿਕਰੀ ਉੱਤੇ ਦੁਬਾਰਾ ਪਾਬੰਦੀ ਲਗਾ ਦਿੱਤੀ ਭਾਵੇਂ ਉਦੋਂ ਵੀ ਮਾਨਯੋਗ ਹਾਈ ਕੋਟ ਦੁਆਰਾ ਅਜਿਹਾ ਕੋਈ ਹੁਕਮ ਜਾਰੀ ਨਹੀਂ ਸੀ ਕੀਤਾ ਗਿਆ। ਕੇਵਲ ਦੋ ਮਹੀਨਿਆਂ ਦੇ ਥੋੜ੍ਹੇ ਜਿਹੇ ਸਮੇਂ ਵਿੱਚ ਮਹਾਨ ਕੋਸ਼ ਦੇ ਤਿੰਨੋਂ ਸੰਸਕਰਨਾਂ ਦੀ ਵਿਕਰੀ ਉੱਤੇ ਦੋ ਵਾਰ ਪਾਬੰਦੀ ਲਗਾ ਕੇ ਪੰਜਾਬੀ ਯੂਨੀਵਰਸਿਟੀ ਨੇ ਇਸ ਸੱਚਾਈ ਨੂੰ ਖੁਲ੍ਹੇ ਤੌਰ 'ਤੇ ਕਬੂਲ ਕਰ ਲਿਆ ਕਿ ਬੇਸ਼ੁਮਾਰ ਗ਼ਲਤੀਆਂ ਨਾਲ ਭਰਪੂਰ ਹੋਣ ਕਾਰਨ ਮਹਾਨ ਕੋਸ਼ ਦੇ ਇਹ ਤਿੰਨੇ ਸੰਸਕਰਨ ਵਿਕਰੀ ਦੇ ਕਾਬਲ ਨਹੀਂ ਹਨ।

ਪੰਜਾਬੀ ਯੂਨੀਵਰਸਿਟੀ ਨੇ ਸੰਨ 2015 ਵਿੱਚ ਦੋ ਮਾਹਰਾਂ ਤੋਂ ਮਹਾਨ ਕੋਸ਼ ਦੇ ਹਿੰਦੀ ਸੰਸਕਰਨ ਦੀ ਪਹਿਲੀ ਜਿਲਦ ਦੀਆਂ ਗ਼ਲਤੀਆਂ ਦੀ ਸੁਧਾਈ ਕਰਵਾਈ। ਪਰੰਤੂ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਕੇਵਲ ਪਹਿਲੇ ਪੰਜ ਸਫ਼ਿਆਂ ਵਿੱਚਲੀਆਂ ਗ਼ਲਤੀਆਂ ਨੂੰ ਹੀ ਠੀਕ ਕਰਵਾ ਕੇ ਸੋਧੇ ਹੋਏ ਸਫ਼ਿਆਂ ਨੂੰ ਸਟਾਕ ਵਿੱਚ ਪਈਆਂ ਕਿਤਾਬਾਂ ਵਿੱਚ ਲਗਵਾ ਦਿੱਤਾ ਅਤੇ ਬਾਕੀ ਸਫ਼ਿਆਂ ਵਿੱਚ ਮੌਜੂਦ ਹਜ਼ਾਰਾਂ ਗਲਤੀਆਂ ਨੂੰ ਜਿਉਂ ਦਾ ਤਿਉਂ ਹੀ ਰਹਿਣ ਦਿੱਤਾ। ਇਸ ਪੁਸਤਕ ਦਾ ਪ੍ਰਕਾਸ਼ਨ ਵਰ੍ਹਾ ਵੀ ਨਹੀਂ ਬਦਲਿਆ ਗਿਆ। ਇਹ ਗੱਲ ਖ਼ਾਸ ਧਿਆਨ ਯੋਗ ਹੈ ਕਿ ਇਸ ਪੁਸਤਕ ਵਿੱਚ ਪਹਿਲੇ ਇੱਕ ਕਾਪੀ ਸੰਪਾਦਕ ਦਾ ਨਾਉਂ ਛਪਿਆ ਹੋਇਆ ਸੀ ਪਰ ਹੁਣ ਦੋ ਕਾਪੀ ਸੰਪਾਦਕਾਂ ਦੇ ਨਾਉਂ ਛਪੇ ਹੋਏ ਹਨ — ਇਨ੍ਹਾਂ ਵਿੱਚੋਂ ਇੱਕ ਨਾਉਂ ਪਹਿਲੇ ਵਾਲੇ ਕਾਪੀ ਸੰਪਾਦਕ ਦਾ ਹੈ। ਅਜਿਹੇ ਸਵਾਲ ਉਠਣਾ ਸੁਭਾਵਕ ਹੈ, "ਕੀ ਇਸ ਗ਼ਲਤੀਆਂ ਨਾਲ ਭਰਪੂਰ ਕਿਤਾਬ ਨੂੰ ਬਿਨਾ ਝਿਜਕ ਵੇਚਿਆ ਜਾਣਾ ਪੰਜਾਬੀ ਯੂਨੀਵਰਸਿਟੀ ਦੁਆਰਾ ਵਿਦਿਆਰਥੀਆਂ, ਖੋਜਾਰਥੀਆਂ, ਵਿਦਵਾਨਾਂ ਆਦਿ ਨਾਲ ਜਾਣ ਬੁੱਝ ਕੇ ਕੀਤਾ ਗਿਆ ਛਲ ਨਹੀਂ ਹੈ ? ਕੀ ਇਉਂ ਕਰਨਾ ਕਿਸੇ ਵਿੱਦਿਅਕ ਸੰਸਥਾ ਨੂੰ ਸ਼ੋਭਾ ਦੇਂਦਾ ਹੈ?"

ਮਹਾਨ ਕੋਸ਼ ਦੇ ਇਸ ਅੰਸ਼ਕ ਰੂਪ ਵਿੱਚ ਸੋਧੇ ਹੋਏ ਹਿੰਦੀ ਸੰਸਕਰਨ ਵਿੱਚ ਕਿਤਨੇ ਹੀ ਸਫ਼ੇ ਅਜਿਹੇ ਹਨ ਜਿਨ੍ਹਾਂ ਉੱਤੇ 10-10, 12-12 ਗ਼ਲਤੀਆਂ ਹਨ। ਮਿਸਾਲ ਵਜੋਂ, ਕੇਵਲ ਦੋ ਸਫ਼ਿਆਂ (ਸਫ਼ਾ 49 ਅਤੇ 110) ਉੱਤੇ 35 ਗ਼ਲਤੀਆਂ ਹਨ। ਸਫ਼ਾ 49 ਉੱਤੇ, 'ਊਧ' ਦੇ ਇੰਦਰਾਜ ਵਿੱਚ ਸ੍ਰੀ ਭਾਗਵਤ ਪੁਰਾਣ ਦੇ ਦਸਵੇਂ ਸਕੰਧ ਦਾ ਇੱਕ ਸ਼ਲੋਕ ਦਿੱਤਾ ਹੋਇਆ ਹੈ। ਕੇਵਲ ਇਸ ਸ਼ਲੋਕ ਵਿੱਚ ਹੀ ਹਿੱਜਿਆਂ ਦੀਆਂ 6 ਗ਼ਲਤੀਆਂ ਹਨ। ਸੰਸਕ੍ਰਿਤ ਦੇ ਇਸ ਸ਼ਲੋਕ ਬਾਰੇ ਧਿਆਨ ਦੇਣ ਵਾਲੀ ਖ਼ਾਸ ਗੱਲ ਇਹ ਹੈ ਕਿ ਇਹ ਸ਼ਲੋਕ ਨਾ ਤਾਂ ਭਾਸ਼ਾ ਵਿਭਾਗ, ਪੰਜਾਬ, ਦੁਆਰਾ ਪ੍ਰਕਾਸ਼ਿਤ ਮਹਾਨ ਕੋਸ਼ ਦੇ ਪੰਜਾਬੀ ਸੰਸਕਰਨ ਵਿੱਚ ਹੈ ਅਤੇ ਨਾ ਹੀ ਪੰਜਾਬੀ ਯੂਨੀਵਰਸਿਟੀ ਦੁਆਰਾ ਪ੍ਰਕਾਸ਼ਿਤ ਮਹਾਨ ਕੋਸ਼ ਦੇ ਅੰਗਰੇਜ਼ੀ ਸੰਸਕਰਨ ਵਿੱਚ। ਪਰੰਤੂ, ਪੰਜਾਬੀ ਯੂਨੀਵਰਸਿਟੀ ਦੁਆਰਾ ਪ੍ਰਕਾਸ਼ਿਤ

ਮਹਾਨ ਕੋਸ਼ ਦੇ ਪੰਜਾਬੀ ਸੰਸਕਰਨ ਵਿੱਚ ਇਸ ਸ਼ਲੋਕ ਦੀ ਕੇਵਲ ਪਹਿਲੀ ਸਤਰ ਹੀ ਦਿੱਤੀ ਹੋਈ ਹੈ। ਪੰਜਾਬੀ ਯੂਨੀਵਰਸਿਟੀ ਦੁਆਰਾ ਛਾਪੇ ਗਏ ਮਹਾਨ ਕੋਸ਼ ਦੇ ਤਿੰਨ ਸੰਸਕਰਨਾਂ ਵਿੱਚ ਇਸ ਸ਼ਲੋਕ ਦੀ ਵੱਖ-ਵੱਖ ਤਰ੍ਹਾਂ ਦੀ ਪੇਸ਼ਕਾਰੀ ਬੜੀ ਅਜੀਬ ਲਗਦੀ ਹੈ! ਇਹ ਜਾਣਨਾ ਦਿਲਚਸਪ ਹੋਵੇਗਾ ਜਦ ਇਹ ਸ਼ਲੋਕ ਭਾਸ਼ਾ ਵਿਭਾਗ ਵਾਲੇ ਸੰਸਕਰਨ ਵਿੱਚ ਨਹੀਂ ਹੈ ਤਾਂ ਪੰਜਾਬੀ ਯੂਨੀਵਰਸਿਟੀ ਦੁਆਰਾ ਪ੍ਰਕਾਸ਼ਿਤ ਮਹਾਨ ਕੋਸ਼ ਦੇ ਪੰਜਾਬੀ ਸੰਸਕਰਨ ਵਿੱਚ ਇਸ ਦੀ ਪਹਿਲੀ ਸਤਰ ਕਿਵੇਂ ਸ਼ਾਮਲ ਹੋ ਗਈ ਅਤੇ ਇਸ ਦੇ ਹਿੰਦੀ ਅਨੁਵਾਦ ਵਿੱਚ ਇੱਕ ਸਤਰ ਦੀ ਬਜਾਇ ਪੂਰਾ ਸ਼ਲੋਕ ਕਿਵੇਂ ਆ ਗਿਆ?

ਪੰਜਾਬੀ ਯੂਨੀਵਰਸਿਟੀ ਦੁਆਰਾ ਪ੍ਰਕਾਸ਼ਿਤ ਮਹਾਨ ਕੋਸ਼ ਦਾ ਅੰਗਰੇਜ਼ੀ ਸੰਸਕਰਨ ਵੀ ਭਾਂਤ-ਭਾਂਤ ਦੀਆਂ ਗ਼ਲਤੀਆਂ ਨਾਲ ਭਰਿਆ ਪਿਆ ਹੈ। ਇਸ ਦੀ ਪਹਿਲੀ ਜਿਲਦ ਦੇ ਸਫ਼ਾ XXX ਤੋਂ INTRODUCTION ਸ਼ੁਰੂ ਹੁੰਦੀ ਹੈ, ਜੋ ਭਾਸ਼ਾ ਵਿਭਾਗ ਦੁਆਰਾ ਪ੍ਰਕਾਸ਼ਿਤ ਮਹਾਨ ਕੋਸ਼ ਦੇ ਪੰਜਾਬੀ ਸੰਸਕਰਨ ਦੀ 'ਭੂਮਿਕਾ' ਦਾ ਅੰਗ੍ਰੇਜ਼ੀ ਅਨੁਵਾਦ ਹੈ। ਇਸ ਦੀ ਪਹਿਲੀ ਲਾਈਨ ਵਿੱਚ ਹੀ ਇੱਕ ਵੱਡੀ ਗ਼ਲਤੀ ਹੈ। ਇਸ ਵਿੱਚ ਪੰਡਿਤ ਤਾਰਾ ਸਿੰਘ ਰਚਿਤ 'ਗੁਰੁਗਿਰਾਰ੍ਥ ਕੋਸ਼' ਨੂੰ ਬਦਲ ਕੇ 'ਗੁਰੁਗ੍ਰੰਥ ਕੋਸ਼' ਕਰ ਦਿੱਤਾ ਗਿਆ ਹੈ ਜਦ ਕਿ ਪੰਡਿਤ ਤਾਰਾ ਸਿੰਘ ਨੇ 'ਗੁਰੁਗ੍ਰੰਥ ਕੋਸ਼' ਨਾਮ ਦਾ ਕੋਈ ਗ੍ਰੰਥ ਕਦੇ ਲਿਖਿਆ ਹੀ ਨਹੀਂ ਸੀ। ਉਕਤ ਪੰਜਾਬੀ ਸੰਸਕਰਨ ਦੀ 'ਭੂਮਿਕਾ' ਦੇ ਪੈਰਾ ਨੰਬਰ 3 ਵਿੱਚ ਆਏ ਵਾਕੰਸ਼ "…ਸੰਸਕ੍ਰਿਤ ਦੇ ੧੭੦੮ ਧਾਤੂਆਂ ਤੋਂ …." ਦਾ ਅੰਗਰੇਜ਼ੀ ਵਿੱਚ ਅਨੁਵਾਦ "…in Sanskrit 1708 roots…." ਕੀਤਾ ਗਿਆ ਹੈ। ਪਰੰਤੂ ਇਹ ਗ਼ਲਤ ਹੈ ਕਿਉਂਕਿ ਪੰਜਾਬੀ ਦੇ ਸ਼ਬਦ 'ਦੇ' ਦਾ ਅੰਗ੍ਰੇਜ਼ੀ ਸਮਾਨਾਰਥੀ 'of' ਹੈ, 'in' ਨਹੀਂ ਅਤੇ 'ਤੋਂ' ਦਾ ਅੰਗ੍ਰੇਜ਼ੀ ਸਮਾਨਾਰਥੀ 'from' ਹੈ। ਇਸ ਲਈ ਇਸ ਵਾਕੰਸ਼ ਦਾ ਠੀਕ ਅੰਗਰੇਜ਼ੀ ਅਨੁਵਾਦ ਇਉਂ ਕੀਤਾ ਜਾਣਾ ਚਾਹੀਦਾ ਹੈ, "…from 1708 roots of Sanskrit …." or "…from 1708 Sanskrit roots…." ਇਸੇ ਪੈਰੇ ਦੇ ਵਾਕੰਸ਼, "…ਜੋ ਧਾਤੁ ਦੇ ਇਸੇ ਅਰਥ ਨੂੰ ਲੈਕੇ ਕੁਹਾੜੇ, ਛਵੀ, ਟੋਕੇ ਆਦਿ ਨੂੰ ਅਸਿ ਆਖੀਏ…." ਵਿੱਚ ਆਏ ਸ਼ਬਦ 'ਆਦਿ' ਦੇ ਲਈ ਅੰਗ੍ਰੇਜ਼ੀ ਦਾ ਢੁਕਵਾਂ ਸ਼ਬਦ 'etcetera' (ਜਾਂ ਇਸ ਦਾ ਸੰਖੇਪ ਰੂਪ 'etc.') ਨਾ ਵਰਤ ਕੇ 'or' ਵਰਤਿਆ ਗਿਆ ਹੈ। ਕਹਿਣ ਦੀ ਲੋੜ ਨਹੀਂ ਕਿ ਅੰਗਰੇਜ਼ੀ ਦੇ ਸ਼ਬਦ 'or' ਦਾ ਪੰਜਾਬੀ ਬਦਲ 'ਜਾਂ' ਹੈ, 'ਆਦਿ' ਨਹੀਂ। 'ਜਾਂ' ਅਤੇ 'or' ਸ਼ਬਦ ਦੋ ਵਿਕਲਪਾਂ ਨੂੰ ਜੋੜਨ ਲਈ ਵਰਤੇ ਜਾਂਦੇ ਹਨ। ਜੇ ਕਿਸੇ ਵਾਕ ਵਿੱਚ ਦੋ ਤੋਂ ਵੱਧ ਸ਼ਬਦਾਂ ਦੀ ਲੜੀ ਆ ਜਾਵੇ ਤਾਂ ਇਨ੍ਹਾਂਨੂੰ ਆਖ਼ਰੀ ਦੋ ਸ਼ਬਦਾਂ ਵਿਚਕਾਰ ਰੱਖਿਆ ਜਾਂਦਾ ਹੈ। ਪੰਜਾਬੀ ਦਾ ਸ਼ਬਦ 'ਆਦਿ' ਅਤੇ ਅੰਗ੍ਰੇਜ਼ੀ ਦਾ 'etcetera' ਆਮ ਤੌਰ ਤੇ ਸ਼ਬਦਾਂ ਦੀ ਲੜੀ ਦੇ ਅਖ਼ੀਰ ਵਿੱਚ ਇਹ ਦਰਸਾਉਣ ਲਈ ਵਰਤੇ ਜਾਂਦੇ ਹਨ ਕਿ ਅਜਿਹੀਆਂ ਹੋਰ ਵੀ ਚੀਜ਼ਾਂ ਹਨ ਜਿਨ੍ਹਾਂ ਦਾ ਇੱਥੇ ਜ਼ਿਕਰ ਕੀਤਾ ਜਾ ਸਕਦਾ ਹੈ। ਇਉਂ, 'ਆਦਿ' ਅਤੇ 'etcetera' ਜਾਂ 'etc.' ਦਾ ਸਿੱਧਾ-ਜਿਹਾ ਅਰਥ ਹੈ, 'ਇਸੇ ਤਰ੍ਹਾਂ ਹੋਰ ਵੀ ਸਮਝੋ'। ਅਨੁਵਾਦ ਦੀਆਂ ਇਹ ਗ਼ਲਤੀਆਂ ਅਜਿਹੀਆਂ ਹਨ ਜਿਨ੍ਹਾਂ ਦੀ ਉਮੀਦ ਦਸਵੀਂ ਪਾਸ ਵਿਅਕਤੀ ਤੋਂ ਵੀ ਨਹੀਂ ਕੀਤੀ ਜਾ ਸਕਦੀ।

ਮਹਾਨ ਕੋਸ਼ ਦੇ ਇੰਦਰਾਜ 'ਉਕਤਿਬਿਲਾਸ/ਉਕਤਿਵਿਲਾਸ' ਦਾ ਪਹਿਲਾ ਵਾਕ ਹੈ, "ਦਸਮਗ੍ਰੰਥ ਵਿੱਚ ਦੁਰਗਾ ਸਪਤਸ਼ਤੀ ਦਾ ਸੁਤੰਤ੍ਰ ਉਲਥਾ ਰੂਪ ਪਹਿਲਾ ਚੰਡੀਚਰਿਤ੍ਰ, ਜਿਸ ਦੀ ਰਚਨਾ ਵਿੱਚ ਅਨੇਕ ਮਨੋਹਰ ਉਕ੍ਤਿ ਯੁਕ੍ਤਿ ਦਾ ਚਮਤਕਾਰ ਹੈ।" ਇਸ ਵਾਕ ਦਾ ਅਨੁਵਾਦ ਇਸ ਤਰ੍ਹਾਂ ਕੀਤਾ ਗਿਆ ਹੈ, "a free translation of Durga's omnipotent power in Dasam Granth, Chandicharitar excels in marvelous quotes." ਪਰੰਤੂ, ਮੂਲ ਪੰਜਾਬੀ ਵਾਕ ਦਾ ਕੋਈ ਵੀ ਅੰਸ਼ ਅਜਿਹਾ ਨਹੀਂ ਹੈ ਜਿਸਦਾ ਅੰਗਰੇਜ਼ੀ ਵਿੱਚ ਅਨੁਵਾਦ 'Durga's omnipotent power' ਬਣਦਾ ਹੋਵੇ। ਇਹ ਤਾਂ ਭਾਈ ਕਾਨ੍ਹ ਸਿੰਘ ਨਾਭਾ ਦੇ ਵਿਚਾਰਾਂ ਨੂੰ ਜਾਣ ਬੁੱਝ ਕੇ ਵਿਗਾੜਨ ਦਾ ਕੋਝਾ ਯਤਨ ਹੈ। ਇਸ ਵਾਕ ਵਿਚਲੇ 'ਪਹਿਲਾ' ਸ਼ਬਦ ਦਾ ਅੰਗਰੇਜ਼ੀ ਵਿੱਚ ਅਨੁਵਾਦ ਵੀ ਨਹੀਂ ਕੀਤਾ ਗਿਆ ਅਤੇ 'ਚੰਡੀਚਰਿਤ੍ਰ' ਸ਼ਬਦ ਦਾ ਲਿਪੀਅੰਤਰਣ (transliteration) ਵੀ ਗ਼ਲਤ ਕੀਤਾ ਗਿਆ ਹੈ। ਇਸ ਵਿਚਲੇ ਵਾਕੰਸ਼, 'ਜਿਸ ਦੀ ਰਚਨਾ ਵਿੱਚ ਅਨੇਕ ਮਨੋਹਰ ਉਕ੍ਤਿ ਯੁਕ੍ਤਿ ਦਾ ਚਮਤਕਾਰ ਹੈ' ਦਾ ਅਨੁਵਾਦ 'excels in marvellous quotes' ਕਰਨਾ ਵੀ ਠੀਕ ਨਹੀਂ। ਇਸ ਵਾਕ ਦਾ ਅੰਗ੍ਰੇਜ਼ੀ ਵਿੱਚ ਅਨੁਵਾਦ ਇਸ ਤਰ੍ਹਾਂ ਕੀਤਾ ਜਾਣਾ ਵਧੇਰੇ ਠੀਕ ਜਾਪਦਾ ਹੈ: 'as a free translation of Durga Saptashati, the first Chandicharitra in Dasamgranth, in the composition of which there is the marvel of ingenious statements and devices." ਇਨ੍ਹਾਂ ਚੰਦ ਉਦਾਹਰਨਾਂ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਮਹਾਨ ਕੋਸ਼ ਦੇ ਇਸ ਅੰਗਰੇਜ਼ੀ ਸੰਸਕਰਨ ਵਿੱਚ ਅਨੁਵਾਦ ਦਾ ਕੀਹ ਪੱਧਰ (ਸਟੈਂਡਰਡ) ਹੈ।

ਮਹਾਨ ਕੋਸ਼ ਦੇ ਪੰਜਾਬੀ, ਹਿੰਦੀ ਅਤੇ ਅੰਗ੍ਰੇਜ਼ੀ ਸੰਸਕਰਨਾਂ ਵਿੱਚ ਮੌਜੂਦ ਗ਼ਲਤੀਆਂ ਨੂੰ ਠੀਕ ਕਰਨ ਲਈ ਪੰਜਾਬੀ ਯੂਨੀਵਰਸਿਟੀ ਨੇ ਮਈ 2017 ਵਿੱਚ ਤਿੰਨ ਰੀਵਿਊ ਕਮੇਟੀਆਂ ਬਣਾਈਆਂ ਸਨ, ਜਿਨ੍ਹਾਂ ਵਿੱਚ ਕ੍ਰਮਵਾਰ 3, 2, 2 ਮੈਂਬਰ ਰੱਖੇ ਗਏ ਸਨ। ਕੰਮ ਦੀ ਮਿਕਦਾਰ ਨੂੰ ਵੇਖਦਿਆਂ ਜਨ-ਹਿਤ ਪਟੀਸ਼ਨਰਾਂ ਨੇ ਇਨ੍ਹਾਂ ਰੀਵਿਊ ਕਮੇਟੀਆਂ ਲਈ ਚਾਰ-ਚਾਰ ਵਿਦਵਾਨਾਂ ਦੇ ਨਾਉਂ ਤਜਵੀਜ਼ ਕੀਤੇ ਸਨ। ਪਰੰਤੂ, ਉਨ੍ਹਾਂ ਵਿੱਚੋਂ ਇੱਕ ਵਿਦਵਾਨ ਨੂੰ ਵੀ ਪੰਜਾਬੀ ਯੂਨੀਵਰਸਿਟੀ ਨੇ ਇਨ੍ਹਾਂ ਕਮੇਟੀਆਂ ਵਿੱਚ ਸ਼ਾਮਲ ਨਹੀਂ ਕੀਤਾ। ਲਗਭਗ ਦੋ ਸਾਲ ਬੀਤ ਜਾਣ ਤੇ ਵੀ ਗ਼ਲਤੀਆਂ ਠੀਕ ਕਰਨ ਦਾ ਕੰਮ ਇਨ੍ਹਾਂ ਰੀਵਿਊ ਕਮੇਟੀਆਂ ਨੂੰ ਨਹੀਂ ਦਿੱਤਾ ਗਿਆ।

ਜੇਕਰ ਰੀਵਿਊ ਕਮੇਟੀਆਂ ਬਣਾਉਂਦਿਆਂ ਹੀ ਉਨ੍ਹਾਂ ਨੂੰ ਸੁਧਾਈ ਦਾ ਕੰਮ ਸੌਂਪ ਦਿੱਤਾ ਜਾਂਦਾ ਤਾਂ ਹੁਣ ਤਕ ਸਾਰਾ ਕੰਮ ਪੂਰਾ ਹੋ ਚੁਕਾ ਹੋਣਾ ਸੀ। ਇਸ ਤੋਂ ਸਾਫ਼ ਪਤਾ ਲਗਦਾ ਹੈ ਕਿ ਪੰਜਾਬੀ ਯੂਨੀਵਰਸਿਟੀ ਇਸ ਕੰਮ ਬਾਰੇ ਬਿਲਕੁਲ ਗੰਭੀਰ ਨਹੀਂ ਹੈ।

ਮਹਾਨ ਕੋਸ਼ ਬਾਰੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਚਲ ਰਹੀ ਜਨ-ਹਿਤ ਪਟੀਸ਼ਨ ਦੇ ਜਵਾਬ ਵਿੱਚ ਪੰਜਾਬੀ ਯੂਨੀਵਰਸਿਟੀ ਨੇ ਲਿਖਿਆ ਸੀ ਕਿ 15 ਮਈ 2017 ਨੂੰ ਇੱਕ ਰਿਵੀਊ ਕਮੇਟੀ ਗਠਿਤ ਕੀਤੀ ਗਈ ਸੀ। ਇਸ ਕਮੇਟੀ ਨੇ 17 ਜੁਲਾਈ 2017 ਨੂੰ ਆਪਣੀ ਮੀਟਿੰਗ ਵਿੱਚ ਮਹਾਨ ਕੋਸ਼ ਦੀ ਵਿਕਰੀ ਬੰਦ ਕਰਨ ਦਾ ਨਿਰਨਾ ਕੀਤਾ ਹੈ। 14 ਮਾਰਚ 2018 ਨੂੰ ਯੂਨੀਵਰਸਿਟੀ ਦੇ ਵਕੀਲ ਨੇ ਮਾਨਯੋਗ ਹਾਈ ਕੋਰਟ ਨੂੰ ਦਸਿਆ ਕਿ ਮਾਹਰਾਂ ਦੀ ਰਿਪੋਟ ਮਿਲਣ ਤੇ ਅਗਲੀ ਕਾਰਵਾਈ ਕਰਕੇ ਮਹਾਨ ਕੋਸ਼ ਦੇ ਅਨੁਵਾਦ ਨੂੰ ਦਰੁਸਤ ਕਰ ਦਿੱਤਾ ਜਾਏਗਾ। ਇਸ ਬਿਆਨ ਤੇ ਅਦਾਲਤ ਨੇ ਪਟੀਸ਼ਨ ਦਾ ਨਿਬੇੜਾ ਕਰ ਦਿੱਤਾ।

ਮਹਾਨ ਕੋਸ਼ ਦੇ ਤਿੰਨਾਂ ਸੰਸਕਰਨਾਂ ਵਿੱਚ ਹੋਈਆਂ ਗ਼ਲਤੀਆਂ ਬਾਰੇ ਵਿਚਾਰ ਕਰਨ ਲਈ ਪੰਜਾਬੀ ਯੂਨੀਵਰਸਿਟੀ ਨੇ ਜੁਲਾਈ 2017 ਵਿੱਚ ਮਾਹਰਾਂ ਦੀ ਇੱਕ ਕਮੇਟੀ ਗਠਿਤ ਕੀਤੀ ਸੀ। ਇਸ ਕਮੇਟੀ ਦੀ ਪਹਿਲੀ ਮੀਟਿੰਗ 15 ਨਵੰਬਰ 2017 ਨੂੰ, ਡੀਨ, ਅਕਾਦਮਿਕ ਮਾਮਲੇ, ਦੇ ਦਫ਼ਤਰ ਵਿੱਚ ਕੀਤੀ ਗਈ ਸੀ। ਉਸ ਮੀਟਿੰਗ ਵਿੱਚ ਹਾਜ਼ਰ ਮੈਂਬਰਾਂ ਨੇ ਭਰਪੂਰ ਵਿਚਾਰ-ਚਰਚਾ ਕਰਕੇ ਸਰਬਸੰਮਤੀ ਨਾਲ ਤਿੰਨ ਮੁੱਖ ਸੁਝਾਅ ਦਿੱਤੇ ਸਨ : (ਕ) ਪੰਜਾਬੀ ਯੂਨੀਵਰਸਿਟੀ ਦੁਆਰਾ ਪ੍ਰਕਾਸ਼ਿਤ ਮਹਾਨ ਕੋਸ਼ ਦੇ ਤਿੰਨੋਂ ਸੰਸਕਰਨਾਂ ਦੀ ਵਿਕਰੀ ਉੱਤੇ ਪੱਕੇ ਤੌਰ ਤੇ ਰੋਕ ਲਗਾ ਦਿੱਤੀ ਜਾਏ ਅਤੇ ਇਨ੍ਹਾਂ ਨੂੰ ਨਸ਼ਟ ਕਰ ਦਿੱਤਾ ਜਾਏ ਜਾਂ ਇਨ੍ਹਾਂ ਦਾ ਗੁੱਦਾ (pulp) ਬਣਵਾ ਦਿੱਤਾ ਜਾਏ ਕਿਉਂਕਿ ਇਹ ਬਿਲਕੁਲ ਹੀ ਵਿਕਰੀ ਯੋਗ ਨਹੀਂ ਹਨ, (ਖ) ਮਹਾਨ ਕੋਸ਼ ਦੇ ਇਨ੍ਹਾਂ ਤਿੰਨਾਂ ਸੰਸਕਰਨਾਂ ਵਿੱਚ ਹੋਈਆਂ ਗਲਤੀਆਂ ਲਈ ਸੰਬੰਧਤ ਅਧਿਕਾਰੀਆਂ ਦੀ ਜ਼ਿੰਮੇਵਾਰੀ ਤੈਅ ਕੀਤੀ ਜਾਵੇ, ਅਤੇ (ਗ) ਮਹਾਨ ਕੋਸ਼ ਦੇ ਇਨ੍ਹਾਂ ਤਿੰਨਾਂ ਸੰਸਕਰਨਾਂ ਵਿੱਚ ਹੋਈਆਂ ਗਲਤੀਆਂ ਨੂੰ ਠੀਕ ਕਰਨ ਲਈ ਮਾਹਰਾਂ ਦੀਆਂ ਵੱਖ-ਵੱਖ ਰੀਵਿਊ ਕਮੇਟੀਆਂ ਬਣਾਈਆਂ ਜਾਣ। ਡੀਨ ਸਾਹਿਬ ਨੇ ਹਾਜ਼ਰ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਸੀ ਕਿ ਮੀਟਿੰਗ ਵਿੱਚ ਹੋਈ ਵਿਚਾਰ-ਚਰਚਾ ਬਾਰੇ ਉਹ ਵੀ. ਸੀ. ਸਾਹਿਬ ਨੂੰ ਜਾਣੂ ਕਰਾ ਦੇਣਗੇ ਅਤੇ ਮਹਾਨ ਕੋਸ਼ ਦੇ ਸੰਸਕਰਨਾਂ ਵਿਚਲੀਆਂ ਤਰੁੱਟੀਆਂ ਦੀ ਸੁਧਾਈ ਕਰਨ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਜਲਦੀ ਹੀ ਇਸ ਕਮੇਟੀ ਦੀਆਂ ਇੱਕ-ਦੋ ਹੋਰ ਮੀਟਿੰਗਾਂ ਕੀਤੀਆਂ ਜਾਣਗੀਆਂ । ਪਰੰਤੂ ਅਤਿ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਉਸ 15 ਨਵੰਬਰ 2017 ਵਾਲੀ ਮੀਟਿੰਗ ਦੀ ਕਾਰਵਾਈ ਦੀ ਕਾਪੀ ਵੀ ਅੱਜ ਤਕ ਮੈਂਬਰਾਂ ਨੂੰ ਨਹੀਂ ਵਿਖਾਈ ਗਈ। ਚੰਡੀਗੜ੍ਹ ਤੋਂ ਇਸ ਕਮੇਟੀ ਦੇ ਦੋ ਬਾਹਰਲੇ ਮੈਂਬਰਾਂ —ਡਾ.ਓਮ ਪ੍ਰਕਾਸ਼ ਵਸਿਸ਼ਟ ਅਤੇ ਅਮਰਜੀਤ ਸਿੰਘ ਧਵਨ— ਨੇ ਉਸ ਮੀਟਿੰਗ ਦੀ ਕਾਰਵਾਈ ਦੀ ਕਾਪੀ ਦੀ ਮੰਗ ਕਰਦਿਆਂ, ਇੱਕ ਸਾਂਝੀ ਚਿੱਠੀ 28 ਫ਼ਰਵਰੀ 2018 ਨੂੰ ਈ-ਮੇਲ ਰਾਹੀਂ ਪੰਜਾਬੀ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਅਤੇ ਪੰਜਾਬੀ ਵਿਕਾਸ ਵਿਭਾਗ ਦੇ ਮੁੱਖੀ ਨੂੰ ਭੇਜੀ ਸੀ। ਇਸ ਬਾਰੇ 05.03.2019 ਨੂੰ ਰਜਿਸਟਰਡ ਡਾਕ ਰਾਹੀਂ ਇੱਕ ਰਿਮਾਈਂਡਰ ਵੀ ਭੇਜਿਆ ਗਿਆ ਸੀ। ਪਰੰਤੂ, ਅੱਜ ਵੀ ਜਵਾਬ ਦੀ ਉਡੀਕ ਕੀਤੀ ਜਾ ਰਹੀ ਹੈ।

15 ਨਵੰਬਰ 2017 ਤੋਂ ਬਾਅਦ ਮਾਹਰ-ਕਮੇਟੀ ਦੀ ਕੋਈ ਹੋਰ ਮੀਟਿੰਗ ਨਾਂਹ ਕੀਤੇ ਜਾਣ ਤੇ ਅਮਰਜੀਤ ਸਿੰਘ ਧਵਨ ਨੇ, ਜਨ-ਹਿਤ ਪਟੀਸ਼ਨ ਦੇ ਸੰਬੰਧ ਵਿੱਚ ਪੰਜਾਬੀ ਯੂਨੀਵਰਸਿਟੀ ਦੁਆਰਾ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਟ ਵਿੱਚ ਦਿੱਤੇ ਬਿਆਨ ਦਾ ਹਵਾਲਾ ਦੇਂਦਿਆਂ, 4 ਜੂਨ 2018 ਨੂੰ, ਵਾਈਸ ਚਾਂਸਲਰ ਸਾਹਬ ਨੂੰ ਚਿੱਠੀ ਲਿਖ ਕੇ ਮਾਹਰ-ਕਮੇਟੀ ਦੀ ਮੀਟਿੰਗ ਕਰਾਉਣ ਦੀ ਮੰਗ ਕੀਤੀ। ਸਿੱਟੇ ਵਜੋਂ 7.8.2018 ਨੂੰ ਮਾਹਰ ਕਮੇਟੀ ਦੀ ਦੂਜੀ ਮੀਟਿੰਗ ਕੀਤੀ ਗਈ। ਪਿਛਲੀ ਮੀਟਿੰਗ ਵਿੱਚ ਮੈਂਬਰਾਂ ਦੁਆਰਾ ਸਰਬਸੰਮਤੀ ਨਾਲ ਦਿੱਤੇ ਗਏ ਤਿੰਨ ਸੁਝਾਅ ਇਨ੍ਹਾਂ ਸਤਰਾਂ ਦੇ ਲਿਖਾਰੀ ਨੇ ਦੋਹਰਾਏ ਅਤੇ ਉਨ੍ਹਾਂਨੂੰ ਮੀਟਿੰਗ ਦੀ ਕਾਰਵਾਈ ਵਿੱਚ ਲਿੱਖਣ ਲਈ ਅਨੁਰੋਧ ਕੀਤਾ। ਪਰੰਤੂ ਉਸ ਦੇ ਵਾਰ-ਵਾਰ ਕਹਿਣ ਦੇ ਬਾਵਜੂਦ ਉਹ ਸੁਝਾਅ ਮਿਨਿਟਸ ਵਿੱਚ ਨਹੀਂ ਲਿੱਖੇ ਗਏ। ਉਸ ਮੀਟਿੰਗ ਵਿੱਚ ਹਾਜ਼ਰ ਪੰਜਾਬੀ ਯੂਨੀਵਰਸਿਟੀ ਦੇ ਇੱਕ ਵਿਦਵਾਨ ਨੇ ਵੀ ਮਹਾਨ ਕੋਸ਼ ਦੇ ਉਕਤ ਤਿੰਨਾਂ ਸੰਸਕਰਨਾਂ ਵਿੱਚ ਬੇਸ਼ੁਮਾਰ ਗ਼ਲਤੀਆਂ ਮੌਜੂਦ ਹੋਣ ਦੀ ਪੁਸ਼ਟੀ ਕੀਤੀ। ਉਪਰੋਕਤ ਦੋ ਬਾਹਰਲੇ ਮੈਂਬਰਾਂ ਦੇ ਵਿਰੋਧ ਦੇ ਬਾਵਜੂਦ ਇਹ ਫ਼ੈਸਲਾ ਕੀਤਾ ਗਿਆ ਕਿ ਪੰਜਾਬੀ ਯੂਨੀਵਰਸਿਟੀ ਦੁਆਰਾ ਪ੍ਰਕਾਸ਼ਿਤ ਮਹਾਨ ਕੋਸ਼ ਦੇ ਪੰਜਾਬੀ ਸੰਸਕਰਨ ਦੇ 'ੳ', 'ਕ' ਅਤੇ 'ਨ' ਅੱਖਰਾਂ ਨਾਲ ਸ਼ੁਰੂ ਹੋਣ ਵਾਲੇ ਇੰਦਰਾਜਾਂ ਦੇ ਪਹਿਲੇ 10-10 ਸਫ਼ਿਆਂ ਦਾ ਭਾਸ਼ਾ ਵਿਭਾਗ ਦੁਆਰਾ ਪ੍ਰਕਾਸ਼ਿਤ ਸੰਸਕਰਨ ਦੇ ਇੰਦਰਾਜਾਂ ਨਾਲ ਮਿਲਾਨ ਯੂਨੀਵਰਸਿਟੀ ਤੋਂ ਬਾਹਰ ਦੇ ਵਿਦਵਾਨਾਂ ਦੁਆਰਾ ਕਰਵਾ ਕੇ ਰਿਪੋਟਾਂ ਮੰਗਵਾਈਆਂ ਜਾਣ।

ਮਾਹਰ-ਕਮੇਟੀ ਦੀ ਤੀਜੀ ਮੀਟਿੰਗ 15.9.2018 ਨੂੰ ਕੀਤੀ ਗਈ, ਜਿਸ ਵਿੱਚ ਦਸਿਆ ਗਿਆ ਕਿ ਪ੍ਰਾਜੈਕਟ-ਕੋਆਰਡੀਨੇਟਰ ਨੇ ਚਿੱਠੀ ਲਿਖ ਕੇ ਸੂਚਿਤ ਕੀਤਾ ਹੈ ਕਿ ਮਹਾਨ ਕੋਸ਼ ਦਾ ਅੰਗ੍ਰੇਜ਼ੀ ਅਨੁਵਾਦ ਇਸਦੇ 1930 ਵਿੱਚ ਪ੍ਰਕਾਸ਼ਿਤ ਸੰਸਕਰਨ ਤੋਂ ਕਰਵਾਇਆ ਗਿਆ ਸੀ; ਪੰਜਾਬੀ ਸੰਸਕਰਨ ਅਤੇ ਹਿੰਦੀ ਅਨੁਵਾਦ ਭਾਈ ਕਾਨ੍ਹ ਸਿੰਘ ਨਾਭਾ ਦੁਆਰਾ ਸੋਧੇ ਉਸ ਸੰਸਕਰਨ ਦੇ ਆਧਾਰ ਤੇ ਤਿਆਰ ਕੀਤਾ ਗਿਆ ਸੀ ਜੋ ਪੰਜਾਬੀ ਯੂਨੀਵਰਸਿਟੀ ਲਾਇਬ੍ਰੇਰੀ ਦੇ ਰੇਅਰ ਸੈਕਸ਼ਨ ਵਿੱਚ ਪਿਆ ਹੈ। ਇਸ ਤੇ ਆਪਣੀ ਪ੍ਰਤਿਕ੍ਰਿਆ ਦੇਂਦਿਆ ਇਨ੍ਹਾਂ ਸਤਰਾਂ ਦੇ ਲਿਖਾਰੀ ਨੇ ਕਿਹਾ ਸੀ, ਮੇਰੀ ਇਹ ਗਲ ਪ੍ਰੋਸੀਡਿੰਗ ਵਿੱਚ ਲਿੱਖ ਲਈ ਜਾਵੇ ਕਿ ਮੈਂ ਅੰਗ੍ਰੇਜ਼ੀ ਸੰਸਕਰਨ ਦੀਆਂ ਚੌਹਾਂ ਜਿਲਦਾਂ ਅਤੇ ਹਿੰਦੀ ਅਨੁਵਾਦ ਦੀ ਪਹਿਲੀ ਜਿਲਦ ਲਈ ਵੀ ਅਨੁਵਾਦ ਦਾ ਕੰਮ ਕੀਤਾ ਸੀ ਅਤੇ ਇਸ ਸੰਬੰਧੀ ਅਸਲ ਸੱਚਾਈ ਇਹ ਹੈ ਕਿ ਮਹਾਨ ਕੋਸ਼ ਦਾ ਅੰਗ੍ਰੇਜ਼ੀ ਵਿੱਚ ਅਨੁਵਾਦ ਭਾਸ਼ਾ ਵਿਭਾਗ ਦੁਆਰਾ ਪ੍ਰਕਾਸ਼ਿਤ

ਮਹਾਨ ਕੋਸ਼ ਦੇ ਪੰਜਾਬੀ ਸੰਸਕਰਨ ਤੋਂ ਕਰਵਾਇਆ ਗਿਆ ਸੀ, 1930 ਵਾਲੇ ਸੰਸਕਰਨ ਤੋਂ ਨਹੀਂ ਅਤੇ ਹਿੰਦੀ ਅਨੁਵਾਦ ਪੰਜਾਬੀ ਯੂਨੀਵਰਸਿਟੀ ਦੁਆਰਾ ਪ੍ਰਕਾਸ਼ਿਤ ਮਹਾਨ ਕੋਸ਼ ਦੇ ਪੰਜਾਬੀ ਸੰਸਕਰਨ ਤੋਂ ਕਰਵਾਇਆ ਗਿਆ ਸੀ। ਉਸਨੇ ਇਹ ਵੀ ਕਿਹਾ ਸੀ ਕਿ ਇੰਦਰਾਜਾਂ ਦਾ ਮਿਲਾਨ ਧਿਆਨ ਨਾਲ ਕਰਨ ਤੇ ਪਤਾ ਲਗਦਾ ਹੈ ਕਿ ਪੰਜਾਬੀ ਯੂਨੀਵਰਸਿਟੀ ਅਤੇ ਭਾਸ਼ਾ ਵਿਭਾਗ ਦੁਆਰਾ ਪ੍ਰਕਾਸ਼ਿਤ ਮਹਾਨ ਕੋਸ਼ ਦੇ ਪੰਜਾਬੀ ਸੰਸਕਰਨਾਂ ਵਿੱਚ ਕੁੱਝ ਗ਼ਲਤੀਆਂ ਸਾਂਝੀਆਂ ਹਨ ਜਦ ਕਿ ਉਹ ਗ਼ਲਤੀਆਂ ਭਾਈ ਕਾਨ੍ਹ ਸਿੰਘ ਦੁਆਰਾ ਕਥਿਤ ਸੋਧੇ ਸੰਸਕਰਨ ਵਿੱਚ ਨਹੀਂ ਹਨ। ਇਸ ਤੋਂ ਸਹਿਜੇ ਹੀ ਕਿਆਸ ਕੀਤਾ ਜਾ ਸਕਦਾ ਹੈ ਕਿ ਪੰਜਾਬੀ ਯੂਨੀਵਰਸਿਟੀ ਵਾਲਾ ਮਹਾਨ ਕੋਸ਼ ਦਾ ਪੰਜਾਬੀ ਸੰਸਕਰਨ ਭਾਸ਼ਾ ਵਿਭਾਗ ਵਾਲੇ ਸੰਸਕਰਨ ਤੋਂ ਜਾਂ ਉਸ ਦੀ ਕਿਸੇ ਸਾਫ਼ਟ ਕਾਪੀ (ਕੰਪਿਊਟਰ ਤੇ ਟਾਈਪ ਕੀਤੀ ਹੋਈ ਫ਼ਾਈਲ) ਤੋਂ, ਭਾਈ ਕਾਨ੍ਹ ਸਿੰਘ ਦੁਆਰਾ ਸੋਧੇ ਦਸੇ ਜਾਂਦੇ ਸੰਸਕਰਨ ਦੇ ਆਧਾਰ ਤੇ ਕੁੱਝ ਤਬਦੀਲੀਆਂ ਕਰਕੇ, ਤਿਆਰ ਕੀਤਾ ਗਿਆ ਸੀ। ਪਰੰਤੂ, ਉਸ ਦੁਆਰਾ ਜ਼ੋਰ ਪਾਉਣ ਦੇ ਬਾਵਜੂਦ ਉਸ ਦੇ ਇਸ ਕਥਨ ਨੂੰ ਮਿਨਿਟਸ ਵਿੱਚ ਰਿਕਾਡ ਨਹੀਂ ਕੀਤਾ ਗਿਆ। ਇਸ ਲਈ, ਮਜਬੂਰ ਹੋ ਕੇ ਉਸ ਨੇ ਪ੍ਰੋਸੀਡਿੰਗ ਦੀ ਕਾਪੀ ਉੱਤੇ ਮਹਾਨ ਕੋਸ਼ ਦੇ ਅੰਗਰੇਜ਼ੀ ਅਨੁਵਾਦ ਦੇ ਸ੍ਰੋਤ ਬਾਰੇ ਆਪਣੀ ਤਰਫ਼ੋਂ ਇੱਕ ਸੰਖੇਪ ਟਿੱਪਣੀ ਲਿੱਖੀ ਅਤੇ ਮਿਤੀ 26.10.2018 ਨੂੰ ਡੀਨ, ਅਕਾਦਮਿਕ ਮਾਮਲੇ, ਨੂੰ ਇਸ ਵਿਸ਼ੇ ਤੇ ਇੱਕ ਤਫ਼ਸੀਲੀ ਚਿੱਠੀ ਵੀ ਲਿੱਖੀ, ਜਿਸ ਨਾਲ 8 ਸਹਿ-ਪੱਤਰਾਂ ਦੇ 17 ਪੱਤਰੇ ਨੱਥੀ ਕੀਤੇ ਗਏ ਸਨ। ਉਸਨੇ ਇਸ ਚਿੱਠੀ ਦੀ ਇੱਕ-ਇੱਕ ਨਕਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਅਤੇ ਰਜਿਸਟਰਾਰ ਨੂੰ ਵੀ ਭੇਜੀ ਸੀ। ਉਪਰੋਕਤ ਦੋ ਬਾਹਰਲੇ ਮੈਂਬਰਾਂ ਦੇ ਵਿਰੋਧ ਦੇ ਬਾਵਜੂਦ ਉਕਤ 'ੳ', 'ਕ', ਅਤੇ 'ਨ' ਅੱਖਰਾਂ ਦੇ ਪਹਿਲੇ 10-10 ਸਫ਼ਿਆਂ ਵਿਚਲੇ ਇੰਦਰਾਜਾਂ ਦਾ ਮਿਲਾਨ ਭਾਈ ਕਾਨ੍ਹ ਸਿੰਘ ਦੁਆਰਾ ਸੋਧੇ ਸੰਸਕਰਨ ਵਿਚਲੇ ਇੰਦਰਾਜਾਂ ਨਾਲ ਯੂਨੀਵਰਸਿਟੀ ਤੋਂ ਬਾਹਰ ਦੇ ਵਿਦਵਾਨਾਂ ਦੁਆਰਾ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ।

ਤਿੰਨ ਵਿਦਵਾਨਾਂ ਦੁਆਰਾ ਉਪਰੋਕਤ 30 ਸਫ਼ਿਆਂ ਦੇ ਇੰਦਰਾਜਾਂ ਦਾ ਮਿਲਾਨ ਕਰਕੇ ਭੇਜੀਆਂ ਰਿਪੋਟਾਂ ਉੱਤੇ 13 ਨਵੰਬਰ 2018 ਨੂੰ , ਮਾਹਰ-ਕਮੇਟੀ ਦੀ ਚੌਥੀ ਮੀਟਿੰਗ ਵਿੱਚ, ਵਿਚਾਰ-ਵਟਾਂਦਰਾ ਕੀਤਾ ਗਿਆ। ਉਨ੍ਹਾਂ ਰਿਪੋਟਾਂ ਤੋਂ ਇਸ ਤੱਥ ਦੀ ਪੁਸ਼ਟੀ ਹੋ ਗਈ ਕਿ ਉਕਤ 30 ਸਫ਼ਿਆਂ ਵਿੱਚ ਭਰਪੂਰ ਗ਼ਲਤੀਆਂ ਹਨ। ਇਨ੍ਹਾਂ ਸਤਰਾਂ ਦੇ ਲਿਖਾਰੀ ਨੇ ਮੈਂਬਰਾਂ ਨੂੰ ਦਸਿਆ ਕਿ ਭਾਵੇਂ ਉਸ ਦੀ ਡਿਊਟੀ ਨਹੀਂ ਸੀ ਲਗਾਈ ਗਈ ਫਿਰ ਵੀ ਆਪਣੀ ਤਸੱਲੀ ਲਈ ਉਸਨੇ ਉਪਰੋਕਤ ਇੰਦਰਾਜਾਂ ਦਾ ਮਿਲਾਨ ਕਰਕੇ ਰਿਪੋਟ ਤਿਆਰ ਕੀਤੀ ਹੈ ਜਿਸ ਦੇ ਅਨੁਸਾਰ ਉਨ੍ਹਾਂ 30 ਸਫ਼ਿਆਂ ਵਿੱਚ 397 ਗ਼ਲਤੀਆਂ/ਉਕਾਈਆਂ ਹਨ। ਗ਼ਲਤੀਆਂ ਦਾ ਪੂਰਾ ਵੇਰਵਾ ਦੇਣ ਤੋਂ ਉਸਨੂੰ ਇਹ ਕਹਿ ਕੇ ਵਿੱਚੇ ਰੋਕ ਦਿੱਤਾ ਗਿਆ ਕਿ ਉਹ ਕੰਮ ਉਸਨੂੰ ਨਹੀਂ ਦਿੱਤਾ ਗਿਆ ਸੀ। ਉਸਦੀ ਰਿਪੋਟ ਦੇ ਅਨੁਸਾਰ ਉਕਤ 30 ਸਫ਼ਿਆਂ ਵਿੱਚ ਸ਼ਬਦ ਅਤੇ ਨਾਮ ਬਦਲ ਦੇਣ ਦੀਆਂ 10 ਉਕਾਈਆਂ ਹਨ, ਜਿਨ੍ਹਾਂ ਵਿੱਚੋਂ 3 ਥਾਵਾਂ ਤੇ ਨਾਉਂ ਬਦਲੇ ਗਏ ਹਨ —ਦੋ ਥਾਵਾਂ ਤੇ 'ਗੁਰੂ ਅਮਰਦੇਵ' ਨੂੰ ਬਦਲ ਕੇ 'ਗੁਰੂ ਅਮਰਦਾਸ' ਕਰ ਦਿੱਤਾ ਗਿਆ ਹੈ ਅਤੇ ਇੱਕ ਥਾਂ ਤੇ 'ਫਰੀਦ' ਦੀ ਥਾਂ 'ਕਬੀਰ'। ਸ਼ਬਦਾਂ ਨੂੰ ਉਨ੍ਹਾਂ ਦੀ ਬਣਦੀ ਥਾਂ ਤੋਂ ਅੱਗੇ-ਪਿੱਛੇ ਕਰਨ ਦੀਆਂ 6 ਉਕਾਈਆਂ ਹਨ, ਸ਼ਬਦ ਆਦਿ ਉਡਾ/ਛੱਡ ਦੇਣ ਦੀਆਂ 8, ਵਾਧੂ ਸ਼ਬਦ ਆਦਿ ਪਾ ਦੇਣ ਦੀਆਂ 7, ਕ੍ਰਮ-ਸੰਖਿਆਵਾਂ ਦੀਆਂ 4, ਜੁੜੇ ਸ਼ਬਦਾਂ ਨੂੰ ਨਿਖੇੜ ਦੇਣ ਦੀਆਂ 106, ਅਤੇ 13 ਉਕਾਈਆਂ ਨਿਖੜੇ ਸ਼ਬਦਾਂ ਨੂੰ ਆਪਸ ਵਿੱਚ ਜੋੜ ਦੇਣ ਦੀਆਂ ਹਨ। ਪੰਜਾਬੀ, ਹਿੰਦੀ/ਸੰਸਕ੍ਰਿਤ, ਅੰਗ੍ਰੇਜ਼ੀ ਅਤੇ ਉਰਦੂ ਸ਼ਬਦਾਂ ਦੇ ਹਿੱਜਿਆਂ ਦੀਆਂ ਕ੍ਰਮਵਾਰ 125, 5, 4 ਅਤੇ 7 ਉਕਾਈਆਂ ਹਨ। 61 ਉਕਾਈਆਂ ਵਿਸ਼ਰਾਮ ਚਿੰਨ੍ਹਾਂ ਦੀਆਂ ਹਨ। 14 ਥਾਂਵਾਂ ਤੇ ਡੈਸ਼ ਦੀ ਥਾਂ ਹਾਈਫ਼ਨ ਵਰਤਿਆ ਗਿਆ ਹੈ। 21 ਥਾਵਾਂ ਤੇ ਮੂਲ ਸੰਸਕਰਨ ਵਿੱਚ ਵਰਤੇ *, †,§ ਆਦਿ ਫ਼ੁਟਨੋਟਾਂ ਦੇ ਚਿੰਨ੍ਹਾਂ ਦੀ ਥਾਂ $^{1, 2, 3}$ ਆਦਿ ਵਰਤੇ ਗਏ ਹਨ। ਇਨ੍ਹਾਂ ਤੋਂ ਇਲਾਵਾ, ਇੱਕ ਇੰਦਰਾਜ ਦੀ ਸਾਮਗ੍ਰੀ ਦੇ ਵੱਡੇ ਹਿੱਸੇ ਨੂੰ ਫ਼ੁਟਨੋਟ ਬਣਾ ਦਿੱਤਾ ਗਿਆ ਹੈ। ਕੱਟੇ ਜਾਣ ਵਾਲੇ ਇੱਕ ਵਾਕ ਨੂੰ ਕੱਟਿਆ ਨਹੀਂ ਗਿਆ। ਸਫ਼ਾ 1534 ਉੱਤੇ ਇੱਕ ਉਦਾਹਰਨ ਵਿੱਚ ਚਾਰ ਕਾਵਿ ਪੰਕਤੀਆਂ ਦੇ ਟੱਕ (indent) ਗ਼ਇਬ ਕਰ ਦਿੱਤੇ ਗਏ ਹਨ। ਉਸਨੇ ਉਕਤ ਸਾਰੀਆਂ ਗ਼ਲਤੀਆਂ ਕੰਪਿਊਟਰ ਦੀ ਸਕਰੀਨ ਤੇ ਵਿਖਾਉਣ ਦੀ ਪੇਸ਼ਕਸ਼ ਵੀ ਕੀਤੀ ਪਰੰਤੂ ਉਸ ਦੀ ਇਹ ਪੇਸ਼ਕਸ਼ ਮਨਜ਼ੂਰ ਨਹੀਂ ਕੀਤੀ ਗਈ। ਲਗਭਗ ਦੋ ਮਹੀਨੇ ਬਾਅਦ, ਪੰਜਾਬੀ ਵਿਕਾਸ ਵਿਭਾਗ ਦੇ ਮੁੱਖੀ ਦੁਆਰਾ ਟੈਲੀਫ਼ੋਨ ਤੇ ਅਨੁਰੋਧ ਕੀਤੇ ਜਾਣ ਤੇ ਉਸ ਨੇ ਉਪਰੋਕਤ 30 ਸਫ਼ਿਆਂ ਦੇ ਇੰਦਰਾਜਾਂ ਦੇ ਮਿਲਾਨ ਦੀ ਆਪਣੀ ਰਿਪੋਟ ਉਨ੍ਹਾਂ ਨੂੰ ਮਿਤੀ 7 ਜਨਵਰੀ 2019 ਨੂੰ ਈ-ਮੇਲ ਕਰ ਦਿੱਤੀ।

ਤਿੰਨ ਵਿਦਵਾਨਾਂ ਦੀਆਂ ਉਪਰੋਕਤ ਰਿਪੋਟਾਂ ਦੇ ਮੱਦੇਨਜ਼ਰ ਉਕਤ ਚੌਥੀ ਮੀਟਿੰਗ ਵਿੱਚ ਡਾ. ਓਮ ਪ੍ਰਕਾਸ਼ ਵਸਿਸ਼ਟ ਨੇ ਸੁਝਾਅ ਦਿੱਤਾ ਕਿ ਕਮੇਟੀ ਆਪਣੀ ਰਿਪੋਟ ਵਿੱਚ ਸਿਫ਼ਾਰਸ਼ ਕਰੇ ਕਿ ਪੰਜਾਬੀ ਯੂਨੀਵਰਸਿਟੀ ਦੁਆਰਾ ਪ੍ਰਕਾਸ਼ਿਤ ਮਹਾਨ ਕੋਸ਼ ਦੀਆਂ ਸਾਰੀਆਂ ਕਾਪੀਆਂ ਦਾ ਗੁੱਦਾ (pulp) ਬਣਵਾ ਦਿੱਤਾ ਜਾਵੇ। ਅਮਰਜੀਤ ਸਿੰਘ ਧਵਨ ਨੇ ਉਨ੍ਹਾਂ ਦੇ ਇਸ ਸੁਝਾਅ ਦਾ ਜ਼ੋਰਦਾਰ ਸਮਰਥਨ ਕੀਤਾ। ਪਰੰਤੂ ਯੂਨੀਵਰਸਿਟੀ ਦੇ ਅਧਿਕਾਰੀ ਮਹਾਨ ਕੋਸ਼ ਦੇ ਪੰਜਾਬੀ ਸੰਸਕਰਨ ਦੀਆਂ ਚੌਹਾਂ ਜਿਲਦਾਂ ਦੇ ਸਾਰੇ ਸਫ਼ਿਆਂ ਵਿਚਲੀਆਂ ਗ਼ਲਤੀਆਂ ਦੀ ਨਿਸ਼ਾਨਦੇਹੀ ਕਰਵਾਉਣ ਲਈ ਅੜੇ ਰਹੇ। ਉਕਤ ਦੋ ਬਾਹਰਲੇ ਮੈਂਬਰਾਂ ਨੇ ਰਾਏ ਦਿੱਤੀ ਕਿ ਪੰਜਾਬੀ ਸੰਸਕਰਨ ਦੀਆਂ ਸਾਰੀਆਂ ਜਿਲਦਾਂ ਵਿਚਲੀਆਂ ਗ਼ਲਤੀਆਂ ਦੀ ਨਿਸ਼ਾਨਦੇਹੀ ਕਰਵਾਉਣ ਉੱਤੇ ਹੁਣ ਢੇਰ ਸਾਰਾ ਪੈਸਾ ਖ਼ਰਚਣ ਦੀ ਕੋਈ ਤਰਕਸੰਗਤ, ਤੀਬਰ ਅਤੇ ਫ਼ੌਰੀ ਜ਼ਰੂਰਤ ਨਹੀਂ ਹੈ। ਉਨ੍ਹਾਂਨੇ ਇਹ ਸੁਝਾਅ ਵੀ ਦਿੱਤਾ ਕਿ ਮਹਾਨ ਕੋਸ਼ ਦੇ ਤਿੰਨਾਂ ਨਾਕਸ ਸੰਸਕਰਨਾਂ ਦੇ ਤਿੰਨ-ਤਿੰਨ, ਚਾਰ-ਚਾਰ ਸੈਟ ਸੰਭਾਲ ਕੇ ਰਖ ਲਏ ਜਾਣ ਅਤੇ ਜਦੋਂ ਯੂਨੀਵਰਸਿਟੀ ਉਨ੍ਹਾਂ ਦਾ ਪੁਨਰ-ਪ੍ਰਕਾਸ਼ਨ ਕਰਨਾ ਚਾਹੇ ਉਦੋਂ ਉਨ੍ਹਾਂ ਦੀ ਸੁਧਾਈ ਕਰਵਾ ਲਈ ਜਾਵੇ। ਯੂਨੀਵਰਸਿਟੀ ਦੇ ਨਾਂਹ-ਪੱਖੀ, ਅੜੀਅਲ ਅਤੇ ਟਾਲੂ ਰਵੈਯੇ ਤੋਂ ਮਜਬੂਰ ਹੋ ਕੇ

ਦੋਨਾਂ ਬਾਹਰਲੇ ਮੈਂਬਰਾਂ ਨੇ ਮਿਨਿਟਸ ਵਿੱਚ ਉਨ੍ਹਾਂ ਦੀ ਅਸਹਿਮਤੀ ਰਿਕਾਡ ਕਰਨ ਲਈ ਜ਼ੋਰ ਪਾਇਆ। ਅਮਰਜੀਤ ਸਿੰਘ ਧਵਨ ਨੇ, ਮਹਾਨ ਕੋਸ਼ ਦੇ ਅੰਗਰੇਜ਼ੀ ਅਨੁਵਾਦ ਲਈ ਵਰਤੇ ਸ੍ਰੋਤ ਬਾਰੇ 26.10.2018 ਨੂੰ ਲਿਖੀ ਆਪਣੀ ਚਿੱਠੀ ਦੇ ਜਵਾਬ ਲਈ ਡੀਨ (ਅਕਾਦਮਿਕ ਮਾਮਲੇ) ਨੂੰ ਯਾਦ ਕਰਾਇਆ ਤਾਂ ਉਸਨੂੰ ਵਿਸ਼ਵਾਸ ਦਿਵਾਇਆ ਗਿਆ ਕਿ ਨਵੰਬਰ 2018 ਖ਼ਤਮ ਹੋਣ ਤੋਂ ਪਹਿਲੇ ਹੀ ਉਸਨੂੰ ਜਵਾਬ ਮਿਲ ਜਾਏਗਾ। ਕੋਈ ਜਵਾਬ ਨਾ ਮਿਲਣ ਤੇ ਉਸਨੇ 5.3.2019 ਨੂੰ ਰਜਿਸਟਰਡ ਡਾਕ ਰਾਹੀਂ ਇੱਕ ਯਾਦ-ਪੱਤਰ ਭੇਜਿਆ; 20.03.2019 ਨੂੰ, ਮਾਹਰ-ਕਮੇਟੀ ਦੀ ਪੰਜਵੀਂ ਮੀਟਿੰਗ ਵਿੱਚ ਵੀ ਉਸਨੇ ਡੀਨ ਨੂੰ ਇਸ ਬਾਰੇ ਯਾਦ ਕਰਾਇਆ ਅਤੇ 30.04.2019 ਨੂੰ ਰਜਿਸਟਰਡ ਡਾਕ ਰਾਹੀਂ ਦੂਜਾ ਯਾਦ-ਪੱਤਰ ਭੇਜਿਆ। ਪਰੰਤੂ ਜਵਾਬ ਦੀ ਅੱਜ ਵੀ ਉਡੀਕ ਕੀਤੀ ਜਾ ਰਹੀ ਹੈ।

ਮਾਹਰਾਂ ਦੀ ਕਮੇਟੀ ਦੀਆਂ ਮੀਟਿੰਗਾਂ ਵਿੱਚ ਹੁੰਦੀ ਸਿੱਥਲ ਅਤੇ ਟਾਲੂ ਕਾਰਵਾਈ ਬਾਰੇ ਜਾਣਕਾਰੀ ਦੇਂਦਿਆਂ, ਡਾ. ਓਮ ਪ੍ਰਕਾਸ਼ ਵਸਿਸ਼ਟ ਅਤੇ ਅਮਰਜੀਤ ਸਿੰਘ ਧਵਨ ਨੇ ਮਿਤੀ 30.11.2018 ਨੂੰ ਸਾਂਝੀ ਚਿੱਠੀ ਲਿੱਖ ਕੇ ਵਾਈਸ ਚਾਂਸਲਰ ਸਾਹਿਬ ਨੂੰ ਬੇਨਤੀ ਕੀਤੀ ਕਿ ਉਹ ਦਖ਼ਲ ਦੇ ਕੇ ਉਕਤ ਕਮੇਟੀ ਦੀਆਂ ਬੇਸਿੱਟਾ ਮੀਟਿੰਗਾਂ ਦੀ ਲੜੀ ਨੂੰ ਖ਼ਤਮ ਕਰਨ ਅਤੇ ਮਹਾਨ ਕੋਸ਼ ਦੇ ਨਾਕਸ ਸੰਸਕਰਨਾਂ ਦੇ ਸਟਾਕ ਬਾਰੇ ਅੰਤਿਮ ਫ਼ੈਸਲਾ ਲੈਣ ਲਈ ਮਦਦ ਕਰਨ। ਫਲਸਰੂਪ, ਮਾਹਰ-ਕਮੇਟੀ ਦੀ ਪੰਜਵੀਂ ਮੀਟਿੰਗ 20.3.2019 ਨੂੰ , ਪੰਜਾਬੀ ਯੂਨੀਵਰਸਿਟੀ ਗੈਸਟ ਹਾਊਸ ਵਿੱਚ, ਕੀਤੀ ਗਈ। ਮੀਟਿੰਗ ਦੇ ਸ਼ੁਰੂ ਵਿੱਚ ਅਮਰਜੀਤ ਸਿੰਘ ਧਵਨ ਨੇ ਕਮੇਟੀ ਦੇ ਮੈਂਬਰਾਂ ਨੂੰ ਸੰਬੋਧਿਤ ਤਿੰਨ ਸਫ਼ਿਆਂ ਦੇ ਲੇਖ ਦੀ ਇੱਕ-ਇੱਕ ਕਾਪੀ ਵੰਡੀ। ਮੈਂਬਰਾਂ ਨੇ ਉਸਨੂੰ ਪੜ੍ਹਿਆ ਅਤੇ ਉਸ ਵਿਚਲੀ ਸਮਗਰੀ ਬਾਰੇ ਕਿਸੇ ਨੇ ਕੋਈ ਇਤਰਾਜ਼ ਨਹੀਂ ਕੀਤਾ। ਉਸ ਲੇਖ ਦੇ ਤੀਜੇ ਸਫ਼ੇ ਉੱਤੇ ਦਿੱਤੇ ਅੱਠ ਸੁਝਾਅ ਉਸ ਨੇ ਪੜ੍ਹ ਕੇ ਵੀ ਸੁਣਾਏ। ਵਿਚਾਰ-ਵਟਾਂਦਰੇ ਦੌਰਾਨ ਉਸ ਨੇ ਸਲਾਹ ਦਿੱਤੀ ਕਿ ਮਹਾਨ ਕੋਸ਼ ਦੇ ਤਿੰਨਾਂ ਨਾਕਸ ਸੰਸਕਰਨਾਂ ਦੇ ਸਟਾਕ ਦਾ ਗੁੱਦਾ (pulp) ਬਣਵਾ ਦਿੱਤਾ ਜਾਵੇ ਕਿਉਂਕਿ ਬਾਹਰ ਦੇ ਵਿਦਵਾਨਾਂ ਦੁਆਰਾ ਪੰਜਾਬੀ ਸੰਸਕਰਨ ਦੀਆਂ ਪਹਿਲੀਆਂ ਤਿੰਨ ਜਿਲਦਾਂ ਵਿੱਚੋਂ ਤਿੰਨ ਸੈਂਪਲ ਚੈਕ ਕਰਕੇ ਭੇਜੀਆਂ ਰਿਪੋਟਾਂ ਤੋਂ ਵੀ ਇਸ ਤੱਥ ਦੀ ਪੁਸ਼ਟੀ ਹੋ ਚੁਕੀ ਹੈ ਕਿ ਇਹ ਸੰਸਕਰਨ ਗ਼ਲਤੀਆਂ ਨਾਲ ਭਰਿਆ ਪਿਆ ਹੈ, ਅਤੇ ਹਿੰਦੀ ਸੰਸਕਰਨ ਦੀ ਪਹਿਲੀ ਜਿਲਦ ਵਿਚਲੀਆਂ ਗ਼ਲਤੀਆਂ ਦੀ ਸੁਧਾਈ ਕਰਨ ਲਈ ਪੰਜਾਬੀ ਯੂਨੀਵਰਸਿਟੀ ਨੇ ਜਿਨ੍ਹਾਂ ਦੋ ਵਿਦਵਾਨਾਂ ਦੀ ਡਿਊਟੀ ਲਗਾਈ ਸੀ ਉਹ ਪਹਿਲੇ ਹੀ, ਸੰਨ 2015 ਵਿੱਚ, ਇਸ ਤੱਥ ਦੀ ਪੁਸ਼ਟੀ ਕਰ ਚੁਕੇ ਹਨ ਕਿ ਉਹ ਜਿਲਦ ਗ਼ਲਤੀਆਂ ਨਾਲ ਅੱਟੀ ਪਈ ਹੈ। ਅੰਗਰੇਜ਼ੀ ਸੰਸਕਰਨ ਵੀ ਅਨੇਕ ਤਰ੍ਹਾਂ ਦੀਆਂ ਗ਼ਲਤੀਆਂ ਨਾਲ ਭਰਿਆ ਪਿਆ ਹੈ ਅਤੇ ਉਸ ਵਿੱਚ ਤਾਂ ਅਨੁਵਾਦ ਦੀਆਂ ਅਨੇਕ ਗ਼ਲਤੀਆਂ ਅਜਿਹੀਆਂ ਵੀ ਹਨ ਜਿਨ੍ਹਾਂ ਦੀ ਉਮੀਦ ਦਸਵੀਂ ਪਾਸ ਵਿਅਕਤੀ ਤੋਂ ਵੀ ਨਹੀਂ ਕੀਤੀ ਜਾ ਸਕਦੀ। ਉਸ ਨੇ ਇਹ ਦਲੀਲ ਵੀ ਦਿੱਤੀ ਕਿ ਸੈਂਪਲ ਫ਼ੇਲ੍ਹ ਹੋਣ ਤੇ ਲੋਕਾਂ ਨੂੰ ਸਜ਼ਾ ਦੇ ਦਿੱਤੀ ਜਾਂਦੀ ਹੈ ਅਤੇ ਹੁਣ ਤਕ ਕਿਸੇ ਵੀ ਵਿਅਕਤੀ ਨੇ ਇਹ ਤਰਕ ਲੈ ਕੇ ਅਦਾਲਤ ਜਾਣ ਦਾ ਹੀਆ ਨਹੀਂ ਕੀਤਾ ਕਿ ਉਸ ਦਾ ਸਾਰਾ ਸਟਾਕ ਪਰਖੇ ਬਿਨਾਂ ਕੇਵਲ ਸੈਂਪਲ ਫ਼ੇਲ੍ਹ ਹੋਣ ਤੇ ਹੀ ਉਸਨੂੰ ਸਜ਼ਾ ਦੇ ਦਿੱਤੀ ਗਈ ਹੈ। ਪਰੰਤੂ ਮਹਾਨ ਕੋਸ਼ ਦੇ ਨਾਕਸ ਸੰਸਕਰਨਾਂ ਦੇ ਸਟਾਕ ਦਾ ਗੁੱਦਾ (pulp) ਬਣਵਾ ਦੇਣ ਦੀ ਸਿਫ਼ਾਰਸ਼ ਕਰਨ ਦੀ ਬਜਾਇ ਯੂਨੀਵਰਸਿਟੀ ਦੇ ਇੱਕ ਅਫ਼ਸਰ ਨੇ ਤਰਕ ਦਿੱਤਾ ਕਿ ਉਕਤ ਸੰਸਕਰਨਾਂ ਦੀ ਵਿਕਰੀ ਬੰਦ ਹੈ ਅਤੇ ਉਹ ਤਾਲੇ ਹੇਠ ਬੰਦ ਪਏ ਹਨ, ਇਸ ਲਈ ਉਨ੍ਹਾਂ ਨੂੰ ਨਸ਼ਟ ਕੀਤੇ ਹੋਏ ਹੀ ਸਮਝਣਾ ਚਾਹੀਦਾ ਹੈ। ਕਮੇਟੀ ਦੇ ਇੱਕ ਬਾਹਰਲੇ ਮੈਂਬਰ ਵੱਲੋਂ ਕਈ ਵਾਰ ਜ਼ੋਰ ਪਾਏ ਜਾਣ ਤੇ ਵੀ ਉਕਤ ਅਫ਼ਸਰ ਦਾ ਉਹ ਕਥਨ ਰਿਕਾਰਡ ਨਹੀਂ ਕੀਤਾ ਗਿਆ। ਇਹ ਫ਼ੈਸਲਾ ਲਿਆ ਗਿਆ ਕਿ ਪੰਜਾਬੀ ਯੂਨੀਵਰਸਿਟੀ ਦੁਆਰਾ ਪ੍ਰਕਾਸ਼ਿਤ ਪੰਜਾਬੀ ਸੰਸਕਰਨ ਦੀਆਂ ਚਾਰੇ ਜਿਲਦਾਂ ਦੇ ਸਾਰੇ ਇੰਦਰਾਜਾਂ ਦਾ ਭਾਈ ਕਾਨ੍ਹ ਸਿੰਘ ਦੁਆਰਾ ਸੋਧੇ ਸੰਸਕਰਨ ਵਿਚਲੇ ਇੰਦਰਾਜਾਂ ਨਾਲ ਮਿਲਾਨ ਕਰਵਾ ਕੇ ਸਾਰੀਆਂ ਗ਼ਲਤੀਆਂ ਦੀ ਨਿਸ਼ਾਨਦੇਹੀ ਕਰਵਾਈ ਜਾਵੇ। ਮਾਹਰ-ਕਮੇਟੀ ਦੀਆਂ ਪਹਿਲੀਆਂ ਚਾਰ ਮੀਟਿੰਗਾਂ ਦੀ ਕਾਰਵਾਈ ਦੀ ਲੋਅ ਵਿੱਚ ਵੇਖਿਆ ਜਾਏ ਤਾਂ ਉਕਤ ਫ਼ੈਸਲਾ ਮਹਾਨ ਕੋਸ਼ ਦੇ ਤਿੰਨਾਂ ਨਾਕਸ ਸੰਸਕਰਨਾਂ ਦੇ ਸਟਾਕ ਬਾਰੇ ਅੰਤਿਮ ਫ਼ੈਸਲਾ ਟਾਲਣ ਦੀ ਇੱਕ ਹੋਰ ਚਾਲ ਹੈ। ਅਮਰਜੀਤ ਸਿੰਘ ਧਵਨ ਦੁਆਰਾ ਵਿਰੋਧ ਕਰਨ ਦੇ ਬਾਵਜੂਦ ਉਕਤ ਫ਼ੈਸਲਾ ਲਿਆ ਗਿਆ ਸੀ ਇਸ ਲਈ ਉਸਨੇ ਆਪਣੀ ਅਸਹਿਮਤੀ ਦਰਜ ਕਰਵਾ ਦਿੱਤੀ। ਮੀਟਿੰਗ ਦੇ ਸ਼ੁਰੂ ਵਿੱਚ ਕਮੇਟੀ ਦੇ ਮੈਂਬਰਾਂ ਨੂੰ ਵੰਡੇ ਗਏ ਲੇਖ ਦਾ ਉੱਲੇਖ ਮਿਨਿਟਸ ਵਿੱਚ ਨਹੀਂ ਸੀ ਕੀਤਾ ਗਿਆ, ਇਸ ਲਈ ਉਸਨੇ ਇਸ ਬਾਰੇ ਮੀਟਿੰਗ ਦੀ ਕਰਵਾਈ ਦੀ ਕਾਪੀ ਉੱਤੇ ਇੱਕ ਟਿੱਪਣੀ ਲਿੱਖੀ ਅਤੇ ਮਿਤੀ 30.04.2019 ਨੂੰ ਲਿਖੀ ਤਫ਼ਸੀਲੀ ਚਿੱਠੀ ਨਾਲ ਨੱਥੀ ਕਰਕੇ ਉਸ ਲੇਖ ਦੀ ਇੱਕ ਕਾਪੀ ਵਾਈਸ ਚਾਂਸਲਰ ਸਾਹਿਬ ਵੀ ਨੂੰ ਭੇਜ ਦਿੱਤੀ।

ਅਸਲ ਵਿੱਚ ਮਾਹਰ-ਕਮੇਟੀ ਸਾਹਮਣੇ ਮਸਲਾ ਇਹ ਨਹੀਂ ਹੈ ਕਿ ਮਹਾਨ ਕੋਸ਼ ਦੇ ਉਕਤ ਤਿੰਨ ਸੰਸਕਰਨਾਂ ਵਿੱਚ ਗ਼ਲਤੀਆਂ ਹਨ ਜਾਂ ਨਹੀਂ ਜਾਂ ਗ਼ਲਤੀਆਂ ਕਿੱਥੇ-ਕਿੱਥੇ ਹਨ ਅਤੇ ਕਿਤਨੀਆਂ? ਜਿਵੇਂ ਪਹਿਲੇ ਦਸਿਆ ਜਾ ਚੁਕਾ ਹੈ, ਕੇਵਲ ਦੋ ਮਹੀਨਿਆਂ ਦੇ ਥੋੜ੍ਹੇ ਜਿਹੇ ਸਮੇਂ ਵਿੱਚ ਮਹਾਨ ਕੋਸ਼ ਦੇ ਤਿੰਨੋਂ ਸੰਸਕਰਨਾਂ ਦੀ ਵਿਕਰੀ ਉੱਤੇ ਦੋ ਵਾਰ ਰੋਕ ਲਗਾ ਕੇ ਪੰਜਾਬੀ ਯੂਨੀਵਰਸਿਟੀ ਨੇ ਇਸ ਸੱਚਾਈ ਨੂੰ ਖੁਲ੍ਹੇ ਤੌਰ ਤੇ ਕਬੂਲ ਕਰ ਲਿਆ ਹੋਇਆ ਹੈ ਕਿ ਉਹ ਗ਼ਲਤੀਆਂ ਨਾਲ ਭਰਪੂਰ ਹਨ। ਇਸ ਲਈ ਹੁਣ ਮਾਹਰ-ਕਮੇਟੀ ਸਾਹਮਣੇ ਵਿਚਾਰਨ ਲਈ ਮੁੱਖ ਦੋ ਹੀ ਮਸਲੇ ਹਨ –(1) ਮਹਾਨ ਕੋਸ਼ ਦੇ ਇਨ੍ਹਾਂ ਨਾਕਸ ਸੰਸਕਰਨਾਂ ਦੇ ਸਟਾਕ ਦਾ ਕੀ ਕੀਤਾ ਜਾਏ, ਅਤੇ (2) ਉਨ੍ਹਾਂ ਵਿਚਲੀਆ ਗ਼ਲਤੀਆਂ ਨੂੰ ਕਿਵੇਂ ਠੀਕ ਕਰਵਾਇਆ ਜਾਵੇ? ਮਿਤੀ 15.11.2017 ਨੂੰ, ਆਪਣੀ ਪਹਿਲੀ ਮੀਟਿੰਗ ਵਿੱਚ, ਮਾਹਰ-ਕਮੇਟੀ, ਹੋਰ ਗੱਲਾਂ ਦੇ ਨਾਲ-ਨਾਲ, ਇਨ੍ਹਾਂ ਦੋਨਾਂ ਮਸਲਿਆਂ ਬਾਰੇ ਆਪਣੇ ਸਰਬਸੰਮਤ ਸੁਝਾਅ ਦੇ ਚੁਕੀ ਹੈ। ਇਹ ਗੱਲ ਵੱਖਰੀ ਹੈ ਕਿ ਉਨ੍ਹਾਂ ਸੁਝਾਵਾਂ ਦੀ ਅਣਦੇਖੀ ਕਰਕੇ ਉਸ ਮੀਟਿੰਗ ਦੇ ਮਿਨਿਟ ਵੀ ਮੈਬਰਾਂ ਨੂੰ ਨਹੀਂ ਵਿਖਾਏ ਗਏ। ਐਪਰ, ਇਹ

ਨਹੀਂ ਭੁਲਣਾ ਚਾਹੀਦਾ ਕਿ ਮਿਤੀ 14.03.2018 ਨੂੰ ਪੰਜਾਬੀ ਯੂਨੀਵਰਸਿਟੀ ਨੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਇਹ ਵਚਨ ਦਿੱਤਾ ਸੀ ਕਿ ਮਾਹਰਾਂ ਦੀ ਕਮੇਟੀ ਦੀ ਰਿਪੋਟ ਮਿਲਣ ਤੇ ਉਸ ਅਨੁਸਾਰ ਅਗਲੀ ਕਾਰਵਾਈ ਕੀਤੀ ਜਾਵੇਗੀ ਜਦ ਕਿ ਇਸ ਤੋਂ ਚਾਰ ਮਹੀਨੇ ਪਹਿਲੇ ਹੀ ਮਾਹਰਾਂ ਦੀ ਕਮੇਟੀ ਇਸ ਬਾਰੇ ਆਪਣੇ ਉਪਰੋਕਤ ਸਰਬਸੰਮਤ ਸੁਝਾਅ ਦੇ ਚੁਕੀ ਸੀ। ਇਸ ਦੇ ਬਾਵਜੂਦ ਮਾਹਰ-ਕਮੇਟੀ ਦੀਆਂ ਹੁਣ ਤਕ ਹੋਈਆਂ ਮੀਟਿੰਗਾਂ ਵਿੱਚ ਯੂਨੀਵਰਸਿਟੀ ਦੁਆਰਾ ਨਿਸ਼ਾਨਾ ਬਦਲ-ਬਦਲ ਕੇ ਟਾਲਮਟੋਲ ਕਰਨ ਦੇ ਦਾਅ-ਪੇਚ ਵਰਤੇ ਜਾਂਦੇ ਰਹੇ ਹਨ ਅਤੇ ਇਸ ਵਿਸ਼ੇ ਤੇ ਲਿਖੀਆਂ ਚਿੱਠੀਆਂ ਦੇ ਜੁਆਬ ਦੇਣ ਤੋਂ ਜਾਣਬੁੱਝ ਕੇ ਕਿਨਾਰਾ ਕੀਤਾ ਜਾਂਦਾ ਰਿਹਾ ਹੈ।

ਮੌਜੂਦਾ ਮਾਹਰ-ਕਮੇਟੀ ਵਿੱਚ ਕੁਲ ਨੌਂ ਮੈਂਬਰ ਹਨ। ਉਨ੍ਹਾਂ ਵਿੱਚੋਂ ਛੇ ਮੈਂਬਰ ਪੰਜਾਬੀ ਯੂਨਵਿਰਸਿਟੀ ਤੋਂ ਹਨ ਅਤੇ ਇੱਕ ਸੈਨਿਟ ਦਾ ਮੈਂਬਰ ਹੈ। ਕੇਵਲ ਦੋ ਮੈਂਬਰ ਹੀ ਬਾਹਰ ਦੇ ਹਨ। ਕੁਝ ਮੈਂਬਰਾਂ ਨੂੰ ਵਿਸ਼ੇ ਦੀ ਪੂਰੀ ਜਾਣਕਾਰੀ ਵੀ ਨਹੀਂ ਹੈ। ਅਜਿਹੀ ਸਥਿਤੀ ਵਿੱਚ ਕੋਈ ਨਿਰਪੱਖ ਫ਼ੈਸਲਾ ਲੈਣਾ ਸੰਭਵ ਨਹੀਂ ਹੈ। ਇਸ ਸੰਦਰਭ ਵਿੱਚ ਅਮਰੀਕਨ ਕਵੀ ਐਚ. ਡਬਲਿਊ. ਲਾਂਗਫ਼ੈਲੋ ਦਾ ਕਥਨ ਹੈ: 'ਅਸੀਂ ਆਪਣੇ ਆਪ ਨੂੰ ਜੋ ਕੁਝ ਕਰਨ ਦੇ ਸਮਰੱਥ ਸਮਝਦੇ ਹਾਂ, ਉਸ ਅਨੁਸਾਰ ਜੱਜ ਕਰਦੇ ਹਾਂ; ਜਦ ਕਿ ਅਸੀਂ ਜੋ ਕੁਝ ਕੀਤਾ ਹੈ, ਦੂਜੇ ਉਸ ਦੇ ਆਧਾਰ ਤੇ ਸਾਨੂੰ ਜੱਜ ਕਰਦੇ ਹਨ।' ਇਸ ਤੋਂ ਸਪਸ਼ਟ ਹੈ ਕਿ ਨਿਰਪੱਖ ਅਤੇ ਸਹੀ ਨਿਰਨਾ ਲੈਣ ਲਈ ਜੱਜ ਆਪ ਨਹੀਂ, ਹੋਰ ਹੀ ਹੋਣੇ ਚਾਹੀਦੇ ਹਨ। ਇਸ ਵਿਚਾਰ ਦੇ ਮੱਦੇਨਜ਼ਰ ਇਨ੍ਹਾਂ ਸੱਤਰਾਂ ਦੇ ਲਿਖਾਰੀ ਨੇ ਮਿਤੀ 30.04.2019 ਨੂੰ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੂੰ ਚਿੱਠੀ ਲਿਖ ਕੇ ਮੰਗ ਕੀਤੀ ਕਿ ਮੌਜੂਦਾ ਦੋ ਬਾਹਰਲੇ ਮੈਂਬਰਾਂ ਸਮੇਤ, ਪੰਜਾਬੀ ਯੂਨੀਵਰਸਿਟੀ ਤੋਂ ਬਾਹਰ ਦੇ ਪੰਜ-ਛੇ ਪੰਜਾਬੀ, ਪੰਜਾਬੀ-ਅੰਗਰੇਜ਼ੀ ਅਤੇ ਪੰਜਾਬੀ-ਹਿੰਦੀ ਦੇ ਮਾਹਰ ਵਿਦਵਾਨਾਂ ਦੀ ਕਮੇਟੀ ਨਵੇਂ ਸਿਰਿਓਂ ਗਠਿਤ ਕੀਤੀ ਜਾਵੇ ਅਤੇ ਉਸ ਨਵੀਂ ਮਾਹਰ-ਕਮੇਟੀ ਨੂੰ ਮਹਾਨ ਕੋਸ਼ ਦੇ ਉਕਤ ਤਿੰਨਾਂ ਸੰਸਕਰਨਾਂ ਵਿਚਲੀਆਂ ਗ਼ਲਤੀਆਂ ਦੇ ਸਾਰੇ ਪੱਖਾਂ ਤੇ ਵਿਚਾਰ ਕਰਕੇ ਦੋ ਮਹੀਨਿਆਂ ਦੇ ਅੰਦਰ-ਅੰਦਰ ਆਪਣੀ ਰਿਪੋਟ ਪੇਸ਼ ਕਰਨ ਲਈ ਕਿਹਾ ਜਾਵੇ। ਇਸ ਨਵੀਂ ਕਮੇਟੀ ਦੀਆਂ ਸਿਫ਼ਾਰਸ਼ਾਂ ਨਿਰਪੱਖ ਫ਼ੈਸਲਾ ਲੈਣ ਅਤੇ ਸਮੇਂ, ਪੈਸੇ ਆਦਿ ਦੀ ਬਰਬਾਦੀ ਤੋਂ ਬਚਣ ਲਈ ਸਹਾਈ ਹੋਣਗੀਆਂ।

ਕਹਿਣ ਦੀ ਲੋੜ ਨਹੀਂ ਕਿ ਮਹਾਨ ਕੋਸ਼ ਦੇ ਇਹ ਨਾਕਸ ਸੰਸਕਰਨ ਨਾ ਕੇਵਲ ਵਿਦਿਆਰਥੀਆਂ ਅਤੇ ਖੋਜਾਰਥੀਆਂ ਆਦਿ ਨੂੰ ਗੁਮਰਾਹ ਕਰ ਸਕਦੇ ਹਨ ਬਲਕਿ ਪੰਜਾਬੀ ਯੂਨੀਵਰਸਿਟੀ ਅਤੇ ਭਾਈ ਕਾਨ੍ਹ ਸਿੰਘ ਨਾਭਾ ਦੇ ਅਪਜਸ ਦਾ ਸਦੀਵੀ ਕਾਰਨ ਵੀ ਬਣ ਸਕਦੇ ਹਨ। ਪਰੰਤੂ, ਰੱਬ ਜਾਣੇ ਪੰਜਾਬੀ ਯੂਨੀਵਰਸਿਟੀ ਇਨ੍ਹਾਂ ਸੰਸਕਰਨਾਂ ਦੇ ਸਟਾਕ ਨੂੰ ਨਸ਼ਟ ਕਰਨ ਬਾਰੇ ਫ਼ੈਸਲਾ ਕਿਉਂ ਟਾਲੀ ਜਾ ਰਹੀ ਹੈ। ਇਹ ਸੁਆਲ ਪੁੱਛਿਆ ਜਾਣਾ ਸੁਭਾਵਕ ਹੈ: "ਮਹਾਨ ਕੋਸ਼ ਦੇ ਉਪਰੋਕਤ ਨਾਕਸ ਸੰਸਕਰਨਾਂ ਦੇ ਸਟਾਕ ਬਾਰੇ ਅੰਤਿਮ ਫ਼ੈਸਲਾ ਲੈਣ ਵਿੱਚ ਟਾਲਮਟੋਲ ਕਰਕੇ ਪੰਜਾਬੀ ਯੂਨੀਵਰਸਿਟੀ ਪੰਜਾਬੀ ਭਾਸ਼ਾ ਦਾ ਕਿਸ ਕਿਸਮ ਦਾ ਵਿਕਾਸ ਕਰ ਰਹੀ ਹੈ?"

ਕੇਵਲ ਮਹਾਨ ਕੋਸ਼ ਦੇ ਇਨ੍ਹਾਂ ਤਿੰਨ ਸੰਸਕਰਨਾਂ ਵਿੱਚ ਹੀ ਨਹੀਂ, ਪੰਜਾਬੀ ਯੂਨੀਵਰਸਿਟੀ ਦੁਆਰਾ ਪ੍ਰਕਾਸ਼ਿਤ ਕਈ ਹੋਰ ਪੁਸਤਕਾਂ ਵਿੱਚ ਵੀ ਬੇਹਿਸਾਬ ਗਲਤੀਆਂ ਹਨ। ਮਿਸਾਲ ਵਜੋਂ, ਮਸ਼ਹੂਰ ਭਾਸ਼ਾ-ਵਿਗਿਆਨੀ, ਸੁਰਗਵਾਸੀ ਡਾ. ਹਰਕੀਰਤ ਸਿੰਘ ਜੀ ਦੀ ਲਿਖੀ ਪੁਸਤਕ "ਗੁਰਬਾਣੀ ਦੀ ਭਾਸ਼ਾ ਤੇ ਵਿਆਕਰਨ", ਆਪਣੇ ਵਿਸ਼ੇ ਦੀ ਇੱਕ ਟਕਸਾਲੀ ਰਚਨਾ ਹੈ। ਪਰੰਤੂ ਉਸ ਵਿੱਚ ਛਪਾਈ ਆਦਿ ਦੀਆਂ ਬੇਸ਼ੁਮਾਰ ਗ਼ਲਤੀਆਂ ਹਨ। ਉਸ ਪੁਸਤਕ ਦੇ ਲੇਖਕ ਨੂੰ ਸ਼ਰਧਾਂਜਲੀ ਵਜੋਂ, ਬਿਨਾ ਕੋਈ ਉਜਰਤ ਲਿਆਂ, ਉਸ ਪੁਸਤਕ ਦੀ ਸੁਧਾਈ ਕਰ ਦੇਣ ਦੀ ਇਨ੍ਹਾਂ ਸਤਰਾਂ ਦੇ ਲਿਖਾਰੀ ਨੇ ਵਾਰ-ਵਾਰ ਪੇਸ਼ਕਸ਼ ਕੀਤੀ। ਪਰੰਤੂ ਪੰਜ-ਛੇ ਚਿੱਠੀਆਂ ਲਿੱਖਣ ਦੇ ਬਾਵਜੂਦ ਪੰਜਾਬੀ ਯੂਨੀਵਰਸਿਟੀ ਵੱਲੋਂ ਕੋਈ ਸਕਾਰਾਤਮਕ ਉੱਤਰ ਨਹੀਂ ਮਿਲਿਆ।

ਜਿਵੇਂ ਪਹਿਲੇ ਦਸਿਆ ਗਿਆ ਹੈ, ਮਹਾਨ ਕੋਸ਼ ਦੇ ਹਿੰਦੀ ਸੰਸਕਰਨ ਵਿੱਚਲੀਆਂ ਗ਼ਲਤੀਆਂ ਬਾਰੇ 24 ਅਪ੍ਰੈਲ 2015 ਨੂੰ ਪੰਜਾਬੀ ਟ੍ਰਿਬਿਊਨ ਵਿੱਚ ਛਪੀ ਖ਼ਬਰ ਵਿੱਚ ਕਿਹਾ ਗਿਆ ਸੀ ਕਿ ਪੰਜਾਬੀ ਯੂਨੀਵਰਸਿਟੀ ਨੇ ਮਹਾਨ ਕੋਸ਼ ਦੇ ਹਿੰਦੀ ਸੰਸਕਰਨ ਉੱਤੇ ਰੋਕ ਲਾ ਦਿੱਤੀ ਸੀ ਅਤੇ ਕੋਈ ਹੋਰ ਅਨੁਵਾਦਿਤ ਸੰਸਕਰਨ ਨਾ ਛਾਪਣ ਦਾ ਫ਼ੈਸਲਾ ਵੀ ਕੀਤਾ ਸੀ। ਪਰੰਤੂ ਮਹਾਨ ਕੋਸ਼ ਦੇ ਹਿੰਦੀ ਅਨੁਵਾਦ ਲਈ ਪੰਜਾਬੀ ਯੂਨੀਵਰਸਿਟੀ ਨੇ ਮਾਰਚ 2018 ਵਿੱਚ ਇੱਕ ਕੋਆਰਡੀਨੇਟਰ ਨਿਯੁਕਤ ਕਰ ਦਿੱਤਾ ਸੀ। ਕਿਤਨੀ ਅਸੰਗਤ ਗੱਲ ਹੈ ਕਿ ਇੱਕ ਪਾਸੇ ਤਾਂ ਗ਼ਲਤੀਆਂ ਦੀ ਭਰਮਾਰ ਕਾਰਨ ਪੰਜਾਬੀ ਯੂਨੀਵਰਸਿਟੀ ਨੇ ਆਪਣੇ ਪ੍ਰਕਾਸ਼ਿਤ ਮਹਾਨ ਕੋਸ਼ ਦੇ ਤਿੰਨੋਂ ਸੰਸਕਰਨਾਂ ਦੀ ਵਿਕਰੀ ਉੱਤੇ ਪਾਬੰਦੀ ਲਗਾਈ ਹੋਈ ਹੈ ਅਤੇ ਦੂਜੇ ਪਾਸੇ ਮਹਾਨ ਕੋਸ਼ ਦਾ ਹਿੰਦੀ ਵਿੱਚ ਅਨੁਵਾਦ ਕਰਨ ਲਈ ਕੋਆਰਡੀਨੇਟਰ ਵੀ ਨਿਯੁਕਤ ਕਰ ਦਿੱਤਾ ਹੈ। ਇਉਂ ਜਾਪਦਾ ਹੈ ਕਿ ਝੂਠੀ ਵਿਦਵਤਾ ਦੀ ਵੇਦੀ ਉੱਤੇ ਉਕਤ ਵਿਰਾਸਤੀ ਪੰਜਾਬੀ ਸੰਦਰਭ-ਗ੍ਰੰਥ ਦੀ ਬਲੀ ਦੇ ਕੇ ਵੀ ਪੰਜਾਬੀ ਯੂਨੀਵਰਸਿਟੀ ਨੇ ਕੁੱਝ ਨਹੀਂ ਸਿੱਖਿਆ।

ਕਿਸੇ ਯੂਨੀਵਰਸਿਟੀ ਦੁਆਰਾ ਪ੍ਰਕਾਸ਼ਿਤ ਪੁਸਤਕਾਂ ਪ੍ਰਮਾਣਿਕ ਸਮਝੀਆਂ ਜਾਂਦੀਆਂ ਹਨ। ਇਸ ਲਈ ਅਜਿਹੀ ਹਰ ਪੁਸਤਕ ਨੂੰ ਤਿਆਰ ਕਰਨ ਵਾਸਤੇ ਪੂਰੀ ਸਾਵਧਾਨੀ ਅਤੇ ਪ੍ਰਤੀਬੱਧਤਾ ਦੀ ਬੇਹਦ ਲੋੜ ਹੁੰਦੀ ਹੈ। ਪਰੰਤੂ, ਪੰਜਾਬੀ ਯੂਨੀਵਰਸਿਟੀ ਦੁਆਰਾ

ਪ੍ਰਕਾਸ਼ਿਤ ਮਹਾਨ ਕੋਸ਼ ਦੇ ਤਿੰਨੋਂ ਸੰਸਕਰਨਾਂ ਵਿੱਚੋਂ ਲੋੜੀਂਦੀ ਸਾਵਧਾਨੀ ਅਤੇ ਪ੍ਰਤਿਬੱਧਤਾ ਦੀ ਇੱਕ ਮੱਧਮ ਜਿਹੀ ਝਲਕ ਵੀ ਨਹੀਂ ਮਿਲਦੀ। ਇਸ ਲਈ ਪੰਜਾਬ ਸਰਕਾਰ ਨੂੰ ਸਾਡੀ ਪੁਰਜ਼ੋਰ ਅਪੀਲ ਹੈ ਕਿ ਪੰਜਾਬੀ ਯੂਨੀਵਰਸਿਟੀ ਦੁਆਰਾ ਮਹਾਨ ਕੋਸ਼ ਨਾਲ ਛੇੜਛਾੜ ਕਰਕੇ ਉਸਨੂੰ ਵਿਗਾੜਨ ਦਾ ਸਖ਼ਤ ਨੋਟਿਸ ਲਿਆ ਜਾਵੇ ਅਤੇ (1) ਮਹਾਨ ਕੋਸ਼ ਦੇ ਤਿੰਨਾਂ ਸੰਸਕਰਨਾਂ ਵਿੱਚ ਮੌਜੂਦ ਬੇਸ਼ੁਮਾਰ ਗ਼ਲਤੀਆਂ ਲਈ ਸੰਬੰਧਤ ਅਧਿਕਾਰੀਆਂ ਦੀ ਜ਼ਿੰਮੇਵਾਰੀ ਤੈਅ ਕਰਨ ਲਈ ਅਤੇ ਇਸ ਕਾਰਨ ਹੋਏ ਮਾਲੀ ਨੁਕਸਾਨ ਦੀ ਰਾਸ਼ੀ ਅਤੇ ਗ਼ਲਤੀਆਂ ਦੇ ਮੂਲ-ਕਾਰਨ ਦਾ ਪਤਾ ਲਾਉਣ ਲਈ ਕਿਸੇ ਰਿਟਾਇਰਡ ਜੱਜ ਤੋਂ ਸਮਾਂ-ਬੱਧ ਪੜਤਾਲ ਕਰਵਾਈ ਜਾਵੇ। (2) ਇਨ੍ਹਾਂ ਗ਼ਲਤੀਆਂ ਅਤੇ ਮਾਲੀ ਨੁਕਸਾਨ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਬਣਦੀ ਸਜ਼ਾ ਦਿੱਤੀ ਜਾਵੇ ਤਾਂ ਜੋ ਭਵਿੱਖ ਵਿੱਚ ਅਜਿਹੀ ਕੁਤਾਹੀ ਤੋਂ ਬਚਿਆ ਜਾ ਸਕੇ। (3) ਮਹਾਨ ਕੋਸ਼ ਦੇ ਤਿੰਨੋਂ ਨਾਕਸ ਸੰਸਕਰਨਾਂ ਨੂੰ ਵਾਪਸ ਮੰਗਵਾ ਕੇ ਉਨ੍ਹਾਂ ਦਾ ਸਾਰਾ ਸਟਾਕ ਤੁਰੰਤ ਨਸ਼ਟ ਕਰਨ ਜਾਂ ਉਸ ਦਾ ਗੁੱਦਾ (pulp) ਬਣਵਾ ਦੇਣ ਦਾ ਆਦੇਸ਼ ਵੀ ਯੂਨੀਵਰਸਿਟੀ ਨੂੰ ਦਿੱਤਾ ਜਾਣਾ ਚਾਹੀਦਾ ਹੈ ਤਾਂ ਕਿ ਇਹ ਪੁਸਤਕਾਂ ਲੋਕਾਂ ਨੂੰ ਗੁਮਰਾਹ ਨਾ ਕਰ ਸਕਣ ਅਤੇ ਪੰਜਾਬੀ ਯੂਨਿਵਰਸਿਟੀ ਅਤੇ ਮਹਾਨ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਦੇ ਅਪਜਸ ਦਾ ਸਥਾਈ ਕਾਰਨ ਨਾ ਬਣ ਸਕਣ। (4) ਪੰਜਾਬ ਸਰਕਾਰ ਕੋਈ ਅਜਿਹਾ ਪ੍ਰਬੰਧ ਵੀ ਯਕੀਨੀ ਬਣਾਵੇ ਜਿਸਦੇ ਚਲਦੇ ਪੰਜਾਬੀ ਯੂਨੀਵਰਸਿਟੀ ਰਾਹੀਂ ਕੋਈ ਗ਼ੈਰ-ਮਿਆਰੀ ਪ੍ਰਕਾਸ਼ਨ ਹੋਂਦ ਵਿੱਚ ਲਿਆਂਦਾ ਹੀ ਨਾ ਜਾ ਸਕੇ। (5) ਪੰਜਾਬੀ ਯੂਨੀਵਰਸਿਟੀ ਦੁਆਰਾ ਪ੍ਰਕਾਸ਼ਿਤ ਹੋਰ ਪੁਸਤਕਾਂ ਦੀ ਜਾਂਚ ਵੀ ਸੰਬੰਧਤ ਵਿਸ਼ੇ ਅਤੇ ਭਾਸ਼ਾ ਦੇ ਮਾਹਰਾਂ ਤੋਂ ਕਰਵਾ ਲੈਣੀ ਚਾਹੀਦੀ ਹੈ ਤਾਂ ਕਿ ਉਨ੍ਹਾਂ ਨੂੰ ਤਰੁੱਟੀ-ਰਹਿਤ ਬਣਾਇਆ ਜਾ ਸਕੇ। (6) ਸਰਕਾਰ ਦੀ ਤਰਫ਼ੋਂ ਅਜਿਹਾ ਆਦੇਸ਼ ਵੀ ਲੋੜੀਂਦਾ ਹੈ ਕਿ ਪੰਜਾਬੀ ਯੂਨੀਵਰਸਿਟੀ ਅਜਿਹਾ ਕੋਈ ਪ੍ਰਾਜੈਕਟ ਕਦੇ ਹੱਥ ਵਿੱਚ ਹੀ ਨਾ ਲਵੇ ਜਿਸਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਉਸਨੂੰ ਯੋਗ ਮਾਹਰਾਂ ਦੀਆਂ ਸੇਵਾਵਾਂ ਉਪਲਬਧ ਨਾ ਹੋਣ।

ਮਹਾਨ ਕੋਸ਼ ਦੇ ਪੁਨਰ-ਪ੍ਰਕਾਸ਼ਨ ਅਤੇ ਇਸਦਾ ਅਨੁਵਾਦ ਕਰਨ ਬਾਰੇ ਸਾਡਾ ਸੁਝਾਅ ਹੈ ਕਿ ਸਭ ਤੋਂ ਪਹਿਲਾਂ ਮਹਾਨ ਕੋਸ਼ ਦੇ ਪੰਜਾਬੀ ਰੂਪ ਨੂੰ ਬਿਲਕੁਲ ਗ਼ਲਤੀ-ਰਹਿਤ ਕਰਵਾਇਆ ਜਾਵੇ। ਇਸ ਤੋਂ ਬਾਅਦ ਸ੍ਰੋਤ ਅਤੇ ਲਖਸ਼ (source and target) ਭਾਸ਼ਾਵਾਂ ਉੱਤੇ ਬਰਾਬਰ ਦੀ ਪਕੜ ਰਖਣ ਵਾਲੇ, ਨਿਪੁਣ ਅਨੁਵਾਦਕਾਂ ਤੋਂ ਇਸਦੇ ਅਨੁਵਾਦ ਦਾ ਕੰਮ ਕਰਵਾਇਆ ਜਾਵੇ। ਪੰਜਾਬੀ ਸੰਸਕਰਨ ਦੀ ਪਹਿਲੀ ਜਿਲਦ ਜਾਂ ਉਸ ਦਾ ਵੱਡਾ ਹਿੱਸਾ ਪੂਰੀ ਤਰ੍ਹਾਂ ਗ਼ਲਤੀ-ਰਹਿਤ ਕਰ ਲੈਣ ਤੋਂ ਬਾਅਦ ਵੀ ਅਨੁਵਾਦ ਦਾ ਕੰਮ ਸ਼ੁਰੂ ਕਰਵਾਇਆ ਜਾ ਸਕਦਾ ਹੈ। ਮਹਾਨ ਕੋਸ਼ ਦੇ ਗ਼ਲਤੀ-ਰਹਿਤ ਕੀਤੇ ਗਏ ਪੰਜਾਬੀ ਰੂਪ ਅਤੇ ਅਨੁਵਾਦਕਾਂ ਦੁਆਰਾ ਕੀਤੇ ਕੰਮ ਦੀ ਸੰਬੰਧਿਤ ਮਾਹਰਾਂ ਦੀ ਰੀਵਿਊ ਕਮੇਟੀ ਤੋਂ ਪੂਰੀ ਪਰਖ ਅਤੇ ਸੁਧਾਈ ਕਰਵਾਉਣ ਉਪਰੰਤ ਹੀ ਉਸਨੂੰ ਛਪਾਉਣ ਦਾ ਫ਼ੈਸਲਾ ਕੀਤਾ ਜਾਵੇ। ਅਜਿਹੀ ਵਿਸ਼ੇਸ਼ ਸਾਵਧਾਨੀ ਵਰਤਣੀ ਨਿਹਾਇਤ ਜ਼ਰੂਰੀ ਹੈ ਕਿਉਂਕਿ ਮਹਾਨ ਕੋਸ਼ ਦੇ ਪੰਜਾਬੀ ਸੰਸਕਰਨ ਦੇ ਪੁਨਰ-ਪ੍ਰਕਾਸ਼ਨ ਅਤੇ ਇਸ ਦੇ ਅੰਗ੍ਰੇਜ਼ੀ ਅਤੇ ਹਿੰਦੀ ਅਨੁਵਾਦ ਵਿੱਚ ਲੋੜੀਂਦੀ ਸਾਵਧਾਨੀ ਨਾ ਵਰਤਣ ਕਾਰਨ ਪਹਿਲੇ ਹੀ ਪੰਜਾਬੀ ਯੂਨੀਵਰਸਿਟੀ ਦਾ ਕਾਫ਼ੀ ਮਾਲੀ ਨੁਕਸਾਨ ਹੋ ਚੁਕਾ ਹੈ ਅਤੇ ਹੇਠੀ ਵੀ।

ਅੰਤ ਵਿੱਚ ਇਹ ਦਸਣਾ ਅਸੰਗਤ ਨਹੀਂ ਹੋਵੇਗਾ ਕਿ ਮਿਤੀ 1 ਅਤੇ 2 ਦਿਸੰਬਰ 2018 ਨੂੰ ਇੰਸਟੀਚਿਊਟ ਆਫ਼ ਸਿੱਖ ਸਟਡੀਜ਼, ਚੰਡੀਗੜ, ਦੇ ਦੋ-ਦਿਨਾ ਸਾਲਾਨਾ ਸੈਮੀਨਾਰ ਵਿੱਚ ਇਕੱਠੇ ਹੋਏ ਵਿਦਵਾਨਾਂ ਅਤੇ ਹਾਜ਼ਰ ਬੁੱਧੀਜੀਵੀਆਂ ਨੇ ਸਰਬਸੰਮਤੀ ਨਾਲ ਇੱਕ ਮਤਾ ਪਾਸ ਕੀਤਾ ਸੀ, ਜਿਸਦੀ ਇੱਕ ਕਾਪੀ 3.1.2019 ਨੂੰ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੂੰ ਵੀ ਈ-ਮੇਲ ਕੀਤੀ ਗਈ ਸੀ। ਉਸ ਮਤੇ ਵਿੱਚ ਹੋਰਨਾਂ ਗਲਾਂ ਦੇ ਨਾਲ-ਨਾਲ ਲਿਖਿਆ ਸੀ, **'ਅਸੀਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਹਾਲ ਵਿੱਚ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਪੁਨਰ-ਪ੍ਰਕਾਸ਼ਿਤ ਕੀਤੇ ਮਹਾਨ ਪੰਜਾਬੀ ਗੌਰਵਗਰੰਥ, 'ਮਹਾਨਕੋਸ਼' ਦੀ ਛਪਾਈ ਵਿੱਚ ਕੀਤੀਆਂ ਗਈਆਂ ਭਾਸ਼ਾ ਅਤੇ ਵਿਅਕਰਨ ਦੀਆਂ ਅਣਗਿਣਤ ਗ਼ਲਤੀਆਂ ਉੱਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੇ ਹਾਂ। ਅਸੀਂ ਯੂਨੀਵਰਸਿਟੀ ਦੇ ਅਧਿਕਾਰੀਆਂ ਨੂੰ ਅਪੀਲ ਕਰਦੇ ਹਾਂ ਕਿ ਸਿਖਿਜ਼ਮ ਦੇ ਇਸ ਅਦੁੱਤੀ ਵਿਸ਼ਵਕੋਸ਼ ਦੇ ਛਪੇ ਨਾਕਸ ਸੰਸਕਰਨਾਂ ਨੂੰ ਕੁਤਰਾ/ਨਸ਼ਟ ਕਰਵਾ ਦਿੱਤਾ ਜਾਵੇ ਅਤੇ ਸਮਰੱਥ ਵਿਦਵਾਨਾਂ ਦੀ ਨਵੀਂ ਟੀਮ ਤੋਂ ਇਨ੍ਹਾਂ ਤਿੰਨਾਂ ਭਾਸ਼ਾਵਾਂ ਵਿੱਚ ਤਿਆਰ ਕਰਵਾ ਕੇ ਇਸ ਦੇ ਨਵੇਂ ਸੰਸਕਰਨ ਪ੍ਰਕਾਸ਼ਿਤ ਕਰਵਾਏ ਜਾਣ।'**